ੴ ਵਾਹਿਗੁਰੂ ਜੀ ਕੀ ਫ਼ਤਹਿ॥

# ਗੁਰਮਤਿ ਪ੍ਰਸਾਰ ਪੱਤਰ





ਲੜੀ/ਅੰਕ ਨੰ: 15/08    ਅਗਸਤ 2015 - ਨਾਨਕਸ਼ਾਹੀ ਸਾਵਣ-ਭਾਦੋਂ ੫੪੭


## ਇਤਿਹਾਸਿਕ ਦਿਹਾੜੇ

### ਅਗਸਤ ਅਤੇ ਸਤੰਬਰ 2015

| | |
|---|---|
| ਪ੍ਰਕਾਸ਼ ਪੂਰਬ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ | 8 ਅਗਸਤ |
| ਸੰਪੂਰਨਤਾ ਦਿਵਸ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ | 30 ਅਗਸਤ |
| ਪਹਿਲਾ ਪ੍ਰਕਾਸ਼ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ | 14 ਸਤੰਬਰ |
| ਗੁਰਗੱਦੀ ਸ੍ਰੀ ਗੁਰੂ ਅਰਜੁਨ ਦੇਵ ਜੀ | 15 ਸਤੰਬਰ |
| ਜੋਤੀ ਜੋਤਿ ਸ੍ਰੀ ਗੁਰੂ ਰਾਮ ਦਾਸ ਜੀ | 16 ਸਤੰਬਰ |
| ਗੁਰਗੱਦੀ ਸ੍ਰੀ ਗੁਰੂ ਰਾਮ ਦਾਸ ਜੀ | 26 ਸਤੰਬਰ |
| ਜੋਤੀ ਜੋਤਿ ਸ੍ਰੀ ਗੁਰੂ ਅਮਰ ਦਾਸ ਜੀ | 28 ਸਤੰਬਰ |


## ਗੁਰਮਤਿ ਪ੍ਰਸਾਰ ਸੇਵਾ ਸੋਸਾਇਟੀ (ਰਜਿ.)

ਰਜਿਸਟਰਡ ਆਫਿਸ : #1444, ਸੈਕਟਰ 34-ਸੀ, ਚੰਡੀਗੜ੍ਹ ਫੋਨ: 98761-77803
ਕਾਰਜਕਾਰੀ ਦਫਤਰ : ਗੁਰਮਤਿ ਪ੍ਰਸਾਰ ਭਵਨ, ਛੱਜੂਮਾਜਰਾ ਰੋਡ,
ਸੰਨੀ ਇਨਕਲੇਵ ਦੇ ਸਾਹਮਣੇ, ਮੁੰਡੀ ਖਰੜ, ਫੋਨ: 0160-5009844, 94171-90438
Join us at Facebook or mail at : gurmatparsar7@gmail.com

## ਇਤਿਹਾਸ ਦੇ ਝਰੋਖੇ 'ਚ' ਅਗਸਤ

| | |
|---|---|
| ਅਗਸਤ 2,1741 – | ਭਾਈ ਸੁੱਖਾ ਸਿੰਘ ਅਤੇ ਭਾਈ ਮਹਿਤਾਬ ਸਿੰਘ ਮੱਸੇ ਰੰਘੜ ਨੂੰ ਸੋਧਲ ਲਈ ਅੰਮ੍ਰਿਤਸਰ ਪੁੱਜੇ । |
| ਅਗਸਤ 5, 1992 – | ਮਹਾਨ ਸੇਵਕ ਤੇ ਤਿਆਗੀ ਭਗਤ ਪੂਰਨ ਸਿੰਘ ਜੀ ਦਾ ਅਕਾਲ ਚਲਾਣਾ । |
| ਅਗਸਤ 10, 1992 – | ਭਾਈ ਹਰਜਿੰਦਰ ਸਿੰਘ ਜਿੰਦਾ ਅਤੇ ਭਾਈ ਸੁੱਖਦੇਵ ਸਿੰਘ ਸੁਖਾ ਨੂੰ ਜਨਰਲ ਵੈਦਿਆ ਕਤਲ ਕੇਸ ਵਿੱਚ ਫਾਂਸੀ ਦਿੱਤੀ ਗਈ । |
| ਅਗਸਤ 12, 1922 – | ਗੁਰੂ ਦੇ ਬਾਗ ਦੇ ਮੋਰਚੇ ਦੇ ਸੰਬੰਧ ਵਿੱਚ ਸਿੱਖਾਂ ਦੀਆਂ ਗ੍ਰਿਫਤਾਰੀਆਂ ਸ਼ੁਰੂ ਹੋਈਆਂ । |
| ਅਗਸਤ 13, 1986 – | ਮਹਾਨ ਵਿੱਦਵਾਨ ਤੇ ਸਿੱਖ ਚਿੰਤਕ ਸਰਦਾਰ ਕਪੂਰ ਸਿੰਘ ਜੀ ਦਾ ਅਕਾਲ ਚਲਾਣਾ । |
| ਅਗਸਤ 19, 1847 – | ਮਹਾਰਾਣੀ ਜਿੰਦਾ ਗੁਰ ਪੁਰੀ ਸਿਧਾਰੇ । |
| ਅਗਸਤ 20, 1922 – | "ਬੱਬਰ ਅਕਾਲੀ " ਅਖਬਾਰ ਸ਼ੁਰੂ ਹੋਇਆ । |
| ਅਗਸਤ 22, 1909 – | ਅੰਨਦ ਮੈਰਿਜ ਐਕਟ ਪਾਸ ਹੋਇਆ । |
| ਅਗਸਤ 24, 1820 – | ਜਰਨੈਲ ਹਰੀ ਸਿੰਘ 'ਨਲਵਾ' ਜਮਰੌਦ ਫਤਹਿ ਤੋਂ ਬਾਦ ਕਸ਼ਮੀਰ ਪੁਜੇ ਅਤੇ ਕਸ਼ਮੀਰ ਦੇ ਗਵਰਨਰ ਵਜੋਂ ਕਾਰਜ ਸੰਭਾਲਿਆ । |
| ਅਗਸਤ 30, 1604 – | ਸਪੂੰਰਨਤਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ |

**ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਦੇ ਅਵਤਾਰ ਪੂਰਬ ਨੂੰ ਸਮਰਪਿਤ ਸੇਵਾ ਦਿਵਸ ਤੇ ਵਿਸ਼ੇਸ਼ ਲੇਖ।**

## ਗੁਰਮਤਿ ਵਿੱਚ ਸੇਵਾ ਦਾ ਸਿਧਾਂਤ

ਬਲਵਿੰਦਰ ਸਿੰਘ 'ਸਾਗਰ'

ਮਨੁਖਾ ਜਨਮ ਵਾਹਿਗੁਰੂ ਵਲੋਂ ਬਖਸ਼ੀ ਗਈ ਅਨਮੁਲੀ ਦਾਤ ਹੈ । ਕੀ ਜੀਵਨ ਦਾ ਮੰਤਵ ਸਿਰਫ ਖਾਣਾ ਪੀਣਾ, ਹੱਸਣਾ ਰੋਣਾ, ਸੌਣਾ ,ਪਰਿਵਾਰ ਪਾਲਣਾ ਤੇ ਬੁਢੇ ਹੋ ਕੇ ਮਰ ਜਾਣਾ ਹੈ ? ਇਹ ਕਿਰਿਆ ਤਾਂ ਪਸ਼ੂ ਪੰਛੀ ਵੀ ਕਰੀ ਜਾਂਦੇ ਹਨ । ਗੁਰਮਤਿ ਵਿੱਚ ਜੀਵਨ ਨੂੰ ਸੰਵਾਰਨ ਤੇ ਸਫਲਾਂ ਕਰਨ ਦੀ ਗੱਲ ਆਈ ਹੈ । ਗੁਰਬਾਣੀ ਵਿੱਚ ਮਨੁੱਖਾ ਜੀਵਨ ਨੂੰ ਸਫਲ ਬਣਾਉਣ ਲਈ ਦੋ ਮੁੱਖ ਰਸਤੇ ਦੱਸੇ ਗਏ ਹਨ । ਇੱਕ ਸੇਵਾ ਅਤੇ ਦੂਸਰਾ ਸਿਮਰਨ । ਆਉ ਗੁਰਬਾਣੀ ਦੀ ਰੌਸ਼ਨੀ ਵਿਚ ਸੇਵਾ ਬਾਰੇ ਜਾਨਣ ਦਾ ਯਤਨ ਕਰੀਏ ਸੇਵਾ ਦੀ ਮਹਤਤਾ ਦਸਦੇ ਭਾਈ ਗੁਰਦਾਸ ਜੀ ਫੁਰਮਾਓਂਦੇ ਹਨ ,

"ਵਿਣੁ ਸੇਵਾ ਧ੍ਰਿਗ ਹਥ ਪੈਰ, ਹੋਰ ਨਿਹਫਲ ਕਰਣੀ" ..

ਭਾਵ ਕਿ ਉਹ ਸ਼ਰੀਰ ਹੱਥ ਅਤੇ ਪੈਰਾਂ ਨੂੰ ਧਿਰਕਾਰ ਹੈ ਜੋ ਸੇਵਾ ਨਹੀ ਕਰਦੇ । ਸੇਵਾ ਦੀ ਮਹਤੱਤਾ ਦਸਦੇ ਹੋਏ ਧੰਨ ਗੁਰੂ ਅਰਜਨ ਦੇਵ ਜੀ ਸੁਖਮਨੀ ਸਾਹਿਬ ਵਿੱਚ ਫੁਰਮਾਉਦੇ ਹਨ, ...

"ਸੇਵਾ ਕਰਤ ਹੋਇ ਨਿਹਕਾਮੀ , ਤਿਸ ਕਉ ਹੋਤ ਪ੍ਰਾਪਤ ਸੁਆਮੀ ॥

ਉਪਰੋਕਤ ਮਹਾਂ ਬੋਲ ਵਿੱਚ ਜਿੱਥੇ ਇੱਕ ਮਹਾਨ ਪ੍ਰਾਪਤੀ ਦਾ ਜ਼ਿਕਰ ਹੈ ਉਥੇ ਇੱਕ ਸ਼ਰਤ ਵੀ ਹੈ। ਭਾਵੇਂ ਸੇਵਾ ਕਰਨ ਵਾਲਾ ਜਗਿਆਸੂ ਸੇਵਕ ਵਾਹਿਗੁਰੂ ਜੀ ਨੂੰ ਪ੍ਰਾਪਤ ਕਰ ਲੈਂਦਾ ਹੈ ਪਰ ਸ਼ਰਤ ਇਹ ਹੈ ਕਿ ਉਹ ਨਿਸ਼ਕਾਮ ਹੋਵੇ।

ਅਗਰ ਨਿਸ਼ਕਾਮ ਸੇਵਾ ਹੈ ਤਾਂ ਸਾਕਾਮ ਸੇਵਾ ਵੀ ਹੈ। ਗੁਰਮਤਿ ਅਨੁਸਾਰ ਨਿਸ਼ਕਾਮ ਸੇਵਾ ਹੀ ਉਤੱਮ ਸੇਵਾ ਹੈ। ਸਾਕਾਮ ਸੇਵਾ , ਭਾਵ ਕਿਸੇ ਇੱਛਾ ਯਾ ਮੰਗ ਨੂੰ ਮੁੱਖ ਰਖ ਕੇ ਕੀਤੀ ਗਈ ਸੇਵਾ। ਭਾਵ ਕੋਈ ਇਛਾ, ਮੰਗ ,ਲੋੜ ਯਾ ਮਨੋਰੱਥ ਦੀ ਪੂਰਤੀ ਲਈ ਕੀਤੀ ਗਈ ਸੇਵਾ। ਜੇ ਈਮਾਨਦਾਰੀ ਨਾਲ ਪੜਚੋਲ ਕਰੀਏ ਤਾਂ ਅਸੀਂ ਬਹੁਤੇ ਇਸੇ ਸ੍ਰੇਣੀ ਵਿਚ ਆਂਉਦੇ ਹਾਂ। ਛੋਟੀਆਂ- ਛੋਟੀਆਂ ਮੰਗਾਂ, ਲੋੜਾਂ, ਮਨੋਰਥਾਂ, ਕਾਰਜਾਂ ਦੀ ਪੂਰਤੀ ਲਈ ਪਾਠ ਕਰ ਲਿਆ, ਪਾਠ ਕਰਵਾ ਲਿਆ , ਲੰਗਰ ਲਾ ਲਿਆ, ਕੀਰਤਨ ਕਰ ਲਿਆ ਯਾਂ ਕਰਵਾ ਲਿਆ। ਗੁਰਦੁਆਰੇ ਜਾ ਕੈ, ਜੋੜਿਆਂ ਦੀ ਸੇਵਾ, ਸਫਾਈ ਰੁਮਾਲੇ ਆਦਿ ਦੀ ਸੇਵਾ ਕਰਨੀ। ਸਭ ਮੁਬਾਰਕ ਪਰੰਤੂ ਮਨੋਰਥ ਇੱਛਾਵਾਂ ਦਾ ਪੇਟ ਭਰਨਾ ਹੀ ਹੁੰਦਾ ਹੈ।

ਜੇ ਪੜਚੋਲ ਕਰੀਏ ਤਾਂ ਐਸਾ ਲਗਦਾ ਹੈ ਕਿ ਕਿਤੇ ਅਸੀਂ ਵਾਹਿਗੁਰੂ ਜੀ ਨਾਲ ਵੀ ਲੈਣ-ਦੇਣ ,ਵਿਉਪਾਰ ਯਾਂ ਹਿਸਾਬ ਕਿਤਾਬ ਤਾਂ ਨਹੀਂ ਕਰ ਰਹੇ ? ਅਸੀਂ ਅਰਦਾਸ ਕਰ ਦੇਂਦੇ ਹਾਂ ਕਿ ਸਤਿਗੁਰੂ ਜੀ ਆਪ ਮੇਰਾ ਇਹ ਕਾਰਜ ਮੇਰੀ ਇੱਛਾ ਮੁਤਾਬਿਕ ਪੂਰਾ ਕਰ ਦੇਵੋ **ਤਾਂ ਮੈ** ਇਹ ਸੇਵਾ ਯਾ ਉਹ ਸੇਵਾ ਕਰਾਂਗਾ। ਬਾਣੀ ਵਿੱਚ ਤਾਂ ਸਖਤ ਤਾੜਨਾਂ ਵੀ ਹੈ ਕਿ

ਐਸਾ ਜਗ ਦੇਖਿਆ ਜੁਆਰੀ, ਸਭ ਸੁਖ ਮਾਗੈ ਨਾਮ ਵਿਸਾਰੀ।

ਅਤੇ

ਸੇਵਾ ਥੋਰੀ ਮਾਂਗਨ ਬਹੁਤਾ , ਮਹਲ ਨਾ ਪਾਵੈ ਕਹਤੋ ਪਹੁਤਾ।

ਇਛਾਵਾਂ ਦੀ ਪੂਰਤੀ ਲਈ ਸੇਵਾ- ਭਗਤੀ ਦੀ ਗਲ ਕਰਦਿਆਂ ਇੱਕ ਗੱਲ ਚੇਤੇ ਆ ਗਈ ਜਿਸਦਾ ਜ਼ਿਕਰ ਇਥੇ ਕਰਨਾ ਉਚਿਤ ਹੋਵੇਗਾ। ਇੱਕ ਫੱਕਰ ਦਰਵੇਸ਼ ਹਰ ਵੇਲੇ ਤਸਬੀ ( ਮਾਲਾ ) ਫੇਰਦਾ ਰਹਿੰਦਾਂ ਸੀ। ਹਰ ਵੇਲੇ ਰਬੱ ਰਬੱ ਕਰਨ ਵਾਲੇ ਇਸ ਫਕੀਰ ਦੀ ਸਮਾਜ ਵਿਚੱ ਕਾਫੀ ਮਾਂਣ ਇੱਜ਼ਤ ਵੀ ਸੀ। ਉਸ ਦੀਆਂ ਰੋਜ਼ਾਨਾ ਲੋੜਾਂ ਦੀ ਪੂਰਤੀ ਵੀ ਹੋ ਜਾਂਦੀ। ਜਪਦਿਆ ਜਪਦਿਆਂ ਇੱਕ ਦਿਨ ਉਸਨੂੰ ਅਦਰੋਂ ਚਾਨਣ ਹੋ ਗਿਆ। ਬ੍ਰਹਮ ਗਿਆਨ ਦੀ ਰੌਸ਼ਨੀ ਨੇ ਉਸ ਫਕੀਰ ਨੂੰ ਸੋਝੀ ਬਖਸ਼ ਦਿੱਤੀ ਕਿ ਮਾਲਾ ਜੋ ਉਹ ਸਾਰੀ ਉਮਰ ਫੇਰਦਾ ਰਿਹਾ ਉਹ ਤਾਂ ਕਰਮ ਕਾਂਡ ਹੀ ਸੀ। ਉਹ ਰਬੱ ਰਬ ਕਰਦਾ ਹੈ ਤੇ ਰੱਬ ਅਸਲ ਖੇਡ ਤਾਂ ਸਾਰੀ ਅੰਦਰ ਦੀ ਹੈ। ਉਸਨੇ ਫੌਰਨ ਆਪਣੀ ਮਾਲਾ (ਤਸਬੀ ) ਤੋੜ ਕੇ ਵਗਾਹ ਕੇ ਦੂਰ ਸੁੱਟ ਦਿਤੀ ਅਤੇ ਸੁਆਸ ਸੁਆਸ ਜਪਣਾ ਆਰੰਭ ਕਰ ਦਿਤਾ। ਅਜਬ ਆਨੰਦ ਵਿੱਚ ਬੈਠੇ ਇਸ ਫਕੀਰ ਨੂੰ ਲੋਕਾਂ ਨੇ ਆ ਕੇ ਪੁਛਿਆ ਕਿ ਸਾਂਈ ਆਪ ਜੀ ਦੀ ਤਸਬੀ ( ਮਾਲਾ ) ਕਿੱਥੇ ਹੈ ? ਪ੍ਰਭੂ ਪ੍ਰੇਮ ਵਿਚ ਰੰਗੀ ਰੂਹ ਨੇ ਜੋ ਜਵਾਬ ਦਿੱਤਾ ਉਸਨੂੰ ਇਕ ਕਵੀ ਨੇ ਆਪਣੀ ਕਲਮ ਨਾਲ ਬਾ-ਕਮਾਲ ਤਰੀਕੇ ਨਾਲ ਪੇਸ਼ ਕਰਦਿਆਂ ਕਿਹਾ,

ਯਿਹ ਸੋਚ ਕਰ ਤਸਬੀ ਕੋ ਮੈਨੇ ਤੋੜ ਡਾਲਾ ਹੈ , ਵੋ ਬੇਹਿਸਾਬ ਦੇਤਾ ਹੈ , ਤੋ ਫਿਰ ਹਿਸਾਬ ਕੈਸਾ।

ਗੱਲ ਹਿਸਾਬ ਕਿਤਾਬ ਤੇ ਲੈਣ ਦੇਣ ਦੀ ਨਹੀਂ। ਨਾ ਹੀ ਕਿਸੇ ਦਿਖਾਵੇ , ਅਡੰਬਰ ਯਾ ਕਰਮ ਕਾਂਡ ਦੀ ਹੈ। ਬਲਕਿ ਗਲ ਤਾਂ ਪੂਰਣ ਸਮਰਪਣ ਦੀ ਹੈ। ਗੱਲ ਤਾਂ ਹੁਕਮ ਅਨੁਸਾਰ ਜੀਵਨ ਜਿਉਣ ਦੀ ਹੈ, ਤਿਆਗ ਤੇ ਨਿਮਰਤਾ ਦੀ ਹੈ। ਕੋਈ ਸਿਆਣਪ , ਚਤੁਰਾਈ ਤੇ ਦਿਖਾਵਾ ਕਿਸੇ ਅਰਥ ਨਹੀਂ। ਮਿਹਨਤ ਨਹੀਂ, ਰਹਮਤ ਰੰਗ ਲਿਆਵੇਗੀ। ਗੁਰਬਾਣੀ ਵੀ ਸਾਨੂੰ ਸੁਚੇਤ ਕਰਦੀ ਹੈ ਕਿ ,

"ਲੇਖੇ ਕਤਹਿ ਨ ਛੂਟੀਐ ਖਿਨ-ਖਿਨ ਭੂਲਨ ਹਾਰ ,ਬਖਸ਼ਨਹਾਰ ਬਖਸ਼ ਲੈ, ਨਾਨਕ ਪਾਰਿ ਉਤਾਰ।"

ਸਾ ਸੇਵਾ ਕੀਤੀ ਸਫਲ ਹੈ ਜਿਤੁ ਸਤਿਗੁਰ ਕਾ ਮਨੁ ਮੰਨੇ,
ਜਾ ਸਤਿਗੁਰ ਕਾ ਮਨ ਮੰਨਿਆ, ਤਾ ਪਾਪ ਕਸਮਲ ਭੰਨੇ ।

ਸੇਵਾ ਦਾ ਮਨੋਰਥ ਕਾਮਨਾ ਨਾ ਹੋਵੇ ਬਲਕਿ ਵਾਹਿਗੁਰੂ ਜੀ ਦੀ ਰਹਮਤ ਹੋਵੇ । ਨਿਰਸਵਾਰਥ, ਨਿਸ਼ਕਾਮ ਸੇਵਾ ਹੀ ਸਰਵ ਉਤਮ ਸੇਵਾ ਹੈ । ਸੇਵਾ ਨਾਲ ਸਾਡੇ ਵਿੱਚ ਨਿਮਰਤਾ ਆਉਂਦੀ ਹੈ, ਭਾਵ ਅਹੰਕਾਰ ਕਾਬੂ ਵਿੱਚ ਆ ਜਾਂਦਾ ਹੈ । ਸੇਵਾ ਨਾਲ ਤਿਆਗ ਦੀ ਭਾਵਨਾ ਆਉਂਦੀ ਹੈ , ਭਾਵ ਲੋਭ ਕਾਬੂ ਵਿੱਚ ਆ ਜਾਂਦਾ ਹੈ । ਜੀਵਨ ਸੰਵਰ ਜਾਂਦਾ ਹੈ । ਰਿਦੈ ਗਰੀਬੀ ਆ ਜਾਂਦੀ ਹੈ । ਮਨ ਨੀਵਾਂ ਮਤਿ ਉਚੀ ਹੋ ਜਾਂਦਾ ਹੈ । ਜੀਵਨ ਆਨੰਦ ਭਰਪੂਰ ਹੋ ਜਾਂਦਾ ਹੈ ।

ਸਿੱਖ ਇਤਿਹਾਸ ਵਿੱਚ ਨਿਸ਼ਕਾਮ ਸੇਵਕਾਂ ਦੀ ਬਹੁਤ ਵਡੀ ਗਿਣਤੀ ਹੈ । ਸੇਵਾ ਦੀ ਕਮਾਈ ਕਰਦੇ ਪ੍ਰਾਪਤੀ ਵਾਲਿਆ ਵਿੱਚ ਧੰਨ ਗੁਰੂ ਅਮਰਦਾਸ ਜੀ, ਗੁਰੂ ਰਾਮ ਦਾਸ ਜੀ, ਭਾਈ ਭਿੱਖਾਰੀ ਜੀ, ਭਾਈ ਮੰਝ ਜੀ ਭਾਈ ਘਨੁਈਆਂ ਜੀ, ਨਵਾਬ ਜੱਸਾ ਸਿੰਘ ਜੀ ਆਦਿ ਅਨੇਕਾਂ ਗੁਰਸਿਖਾਂ ਦਾ ਜੀਵਨ ਸਾਡੇ ਲਈ ਪ੍ਰੇਰਨਾ ਸਰੋਤ ਹਨ।ਧੰਨ ਗੁਰੁ ਅਮਰਦਾਸ ਜੀ ਦਾ ਸਮੁਚਾ ਜੀਵਨ ਹੀ ਸੇਵਾ ਤੇ ਨਿਮਰਤਾ ਦੀ ਜਿਉਂਦੀ ਜਾਗਦੀ ਮਿਸਾਲ ਹੈ ।ਵਡਹੰਸ ਕੀ ਵਾਰ ਦੇ ਸ਼ਲੋਕਾਂ ਵਿਚ ਗੁਰੁ ਅਮਰਦਾਸ ਜੀ ਫੁਰਮਾਨ ਕਰਦੇ ਹਨ,

ਸਤਿਗੁਰ ਕੀ ਸੇਵਾ ਚਾਕਰੀ ਸੁਖੀ ਹੂੰ ਸੁਖ ਸਾਰ ॥
ਐਥੇ ਮਿਲਣ ਵਡਿਆਈਆ ਦਰਗਹ ਮੋਖ ਦੁਆਰ ।
ਸਚੀ ਕਾਰ ਕਮਾਵਣੀ ਸਚੁ ਪੈਨਣੁ ਸਚੁ ਨਾਮ ਆਧਾਰ ।
ਸਚੀ ਸੰਗਤ ਸਚਿ ਮਿਲੈ ਸਚੈ ਨਾਇ ਪਿਆਰ ।
ਸਚੈ ਸਬਦਿ ਹਰਖੁ ਸਦਾ ਦਰਿ ਸਚੈ ਸਚਿਆਰ ॥
ਨਾਨਕ ਸਤਿਗੁਰ ਕੀ ਸੇਵਾ ਸੋ ਕਰੈ ਜਿਸ ਨੂੰ ਨਦਰਿ ਕਰੈ ਕਰਤਾਰੁ ।

ਹਾਂ, ਇੱਕ ਗੱਲ ਦਾ ਖਿਆਲ ਰਹੇ ਕਿ ਕਿਧਰੇ ਨਿਸ਼ਕਾਮ ਸੇਵਕ ਦੇ ਮਨ ਵਿੱਚ, ਭੁਲ ਕੇ ਵੀ ਨਿਸ਼ਕਾਮ ਹੋਣ ਦਾ ਅਹੰਕਾਰ ਨਾ ਆ ਜਾਵੇ । ਇਹ ਸੇਵਾ ਥਾਇ ਨਹੀਂ ਪੈਂਦੀ ਹੈ । ਐਸੇ ਸੇਵਕ ਲਈ ਗੁਰੂ ਸਾਹਿਬ ਫਰਮਾਨ ਕਰਦੇ ਹਨ ਕਿ

ਸੇਵਕ ਕਉ ਸੇਵਾ ਬਨਿ ਆਈ , ਹੁਕਮ ਬੂਝ ਪਰਮਪਦ ਪਾਈ

◆◆◆◆◆◆◆

## GURU KA BAGH MORCHA

one of the major campaigns in the Sikhs` agitation in the early 1920`s for the reformation of their holy places. Guru ka Bagh in Ghukkevali village, about 20 km from Amritsar, has two historic gurudwaras close to each other, commemorating the visits respectively of Guru Arjan in 1585 and Guru Tegh Bahadur in 1664. The latter is laid out on the site of a bagh (garden) which gave the place its name. Like most other gurudwaras, the management of these two had passed into the hands of mahantsor abbots belonging to the monastic order of Udasi Sikhs.

The grant of jagirs to such sacred places in Sikh times and the offerings of the devotees had made the custodians wealthy and prone to

luxury. In 1921, one Sundar Das Udasi was the mahant of Guru ka Bagh. He was indifferent to his ecclesiastical duties and lived a dissolute life, squandering the resources of the gurudwara. To save the shrine from being occupied by reformist Sikhs, he however signed a formal agreement with them on 31 January 1921, promising to make a new start and receive the rites of Khalsa initiation and to serve under an eleven member committee appointed by the Shiromani Gurudwara Parbandhak Committee.

But seeing how the government was everywhere supporting the mahants, he repudiated part of the agreement and said that, though he had surrendered the gurudwara to the Shiromani Committee, the piece of land known as Guru ka Bagh attached to it was still his property. He objected to Sikhs cutting down for the langar (gurudwara kitchen) firewood from that land. The police, willing to oblige him, arrested on 9 August 1922 five Sikhs on charges of trespass. The following day the arrested persons were hurriedly tried and sentenced to six months rigorous imprisonment.

This sparked off the agitation, and the Shiromani Gurdwara Parbandhak Committee decided to send every day a batch of five Sikhs to chop firewood from the grove of trees on the land of Gurdwara Guru ka Bagh and court arrest if prevented from doing so. From 22 August, police began to arrest jathas on charges of theft, riot and criminal trespass. The arrests gave a fillip to the movement and more and more Sikhs came forward to join protest. On 25 August, Amavas day, the gathering was so large that S.G.M. Beatty, Additional Superintendent of Police, ordered the police to disperse it by a lathi charge. Government violence led the Shiromani Commitee to increase the size of the jathas.

On 26 August the Deputy Commissioner of Amritsar issued warrants for the arrest of eight members of the executive of the Shiromani Gurdwara Parbandhak Committee. A council of action, headed by Teja Singh Samundri, now took over charge of the Akali morcha. The government banned the assembling of people at Guru ka Bagh, and police pickets were posted on roads and bridges to intercept volunteers coming into Amritsar. Jathas of black turbaned Akalis chanting the sacred hymns reached the spot every day to be mercilessly beaten by police until they fell to the ground.

This happened from day to day. Political leaders, social workers and reporters came to witness what was described as an ideally nonviolent protest. A.L. Verges, an American cinematographer, prepared a film of the proceedings under the caption, Exclusive Picture of India`s Martyrdom. English missionary and educationist C.F. Andrews (1871-1940) visited Guru ka Bagh and saw, as he put it, "hundreds of Christs being crucified." He sent to the Press a detailed report on what he witnessed on 12 September 1922: It was a sight which I never wish to see again, a sight incredible to an Englishman.

There were four Akali Sikhs with black turbans facing a band of about a dozen policemen, including two English officers. They were perfectly still and did not move further forward. Their hands were placed together in prayer and it was clear that they were praying. Then, without the slightest provocation on their part, an Englishman lunged forward the head of his lathi which was bound with brass. He lunged it forward in such a way that his fist which held the staff struck the Akali Sikh, who was praying, just at the collar bone with great force.

It looked the most cowardly blow as I saw it struck. The blow which I saw was sufficient to fell the Akali Sikh and send him to the ground. He rolled over and slowly got up once more, and faced the same punishment over again. Time after time one of the four who had gone forward was laid prostrate by repeated blows, now from the English officer and now from the police who were under his control. The others were knocked out more quickly. I saw with my own eyes one of these police kick in the stomach a Sikh who stood helplessly before him.

For when one of the Akali Sikhs had been hurled to the ground and was lying prostrate, a police sepoy stamped with his foot upon him, using his full weight; the foot struck the prostrate man between the neck and the shoulder. The vow they had made to God was kept. I saw no act, no look, of defiance. It was true martyrdom for them as they went forward, a true act of faith, a true deed of devotion to God.. They believe intensely that their right to cut wood in the garden of the Guru was an immemorial religious right, and this faith of theirs is surely to be counted for righteousness, whatever a defective and obsolete law may determine or fail to determine concerning legality. Sir Edward Maclagan, Lt. Governor of the Punjab, visited Guru ka Bagh on 13 September 1922. Under his orders, the beating of the volunteers was stopped. Mass arrests, imprisonments, heavy fines and attachment of properties were resorted to. In the first week of October, the Governor General Lord Reading held discussions with the Governor of the Punjab at Shimla to find a way out of the impasse. The good offices of a wealthy retired engineer, Sir Ganga Ram, were utilized to resolve the situation.

Sir Ganga Ram acquired on lease, on 17 November 1922, 524 kanals and 12 marlas of the garden land from Mahant Sundar Das, and allowed the Akalis access to it. On 27 April 1923, Punjab Government issued orders for the release of the prisoners. Thus ended the morcha of Guru ka Bagh in which,. according to Shiromani Gurdwara Parbandhak Committee records, 5,605 Sikhs went to jail.

**References :**


1. Pratap Singh, Giani, Gurdwara Sudhdr arthdt AkaR Lahir. Amritsar, 1975
2. Josh, Sohan Singh, Akali Morchian da Itihas. Delhi, 1972
3. Mohinder Singh, The Akali Movement. Delhi, 1978
4. Teja Singh, Gurdwara Reform and the Sikh Awakening. Jalandhar, 1992
5. Sahni, Ruchi Ram, Struggle for Reform in Sikh Shrines. Ed. Ganda Singh. Amrilsar
6. Harbans Singh, The Heritage of the Sikhs. Delhi, 1983

# ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਪੂਰੰਤਾ ਦਿਵਸ ਨੂੰ ਸਮਰਪਿਤ
# ਹਰਿ ਜੀਉ ਸਚਾ ਸਚੁ ਹੈ ਸਚੀ ਗੁਰਬਾਣੀ ॥

**ਭਾਈ ਕਿਸ਼ਨ ਸਿੰਘ, ਸੰਤਨ ਕੀ ਕੁਟੀਆ**

ਪਰਮਾਤਮਾ ਸਦਾ ਹੀ ਕਾਇਮ ਰਹਿਣ ਵਾਲਾ ਹੈ, ਸੱਚ ਹੈ, ਪਰਮਾਤਮਾ ਦੀ ਸੋਝੀ ਕਰਾਉਣ ਵਾਲੀ ਗੁਰਬਾਣੀ ਵੀ ਸਦਾ ਹੀ ਰਹਿਣ ਵਾਲੀ ਸੱਚ ਹੈ । ਸਤਿਗੁਰੂ ਦੀ ਬਾਣੀ ਰਾਹੀਂ ਹੀ ਸੱਚੇ ਸਤਿਗੁਰੂ ਦੀ ਪਹਿਚਾਣ ਹੋ ਸਕਦੀ ਹੈ ਅਤੇ ਅੰਦਰ ਆਤਮਿਕ ਅਡੋਲਤਾ ਰਾਹੀਂ ਜੀਵਨ ਪ੍ਰਭੂ ਨਾਲ ਇਕਮਿਕ ਹੋ ਜਾਂਦਾ ਹੈ । ਹਰ ਵੇਲੇ ਪ੍ਰਭੂ ਨਾਲ ਜੁੜੇ ਰਹਿਣਾ ਹੀ ਸਦੀਵੀ ਜਾਗਣਾ ਬਣਿਆ ਰਹਿੰਦਾ ਹੈ । ਜੀਵ ਦੁਨੀਆਂ ਦੇ ਮੋਹ ਵਿੱਚ ਮੈਂ ਮੈਂ ਦੀ ਨੀਂਦ ਵਿੱਚ ਕਦੇ ਵੀ ਨਹੀਂ ਸੌਂਦਾ, ਜੀਵਨ ਰੂਪੀ ਰਾਤ ਜਾਗਦਿਆਂ ਹੀ ਬੀਤਦੀ ਹੈ, ਗੁਰੂ ਦੀ ਮਤਿ ਲੈ ਕੇ ਪ੍ਰਭੂ ਮਿਲਾਪ ਦਾ ਸੁਆਦ ਮਾਣਦੇ ਰਹਿਣਾ ਹੀ ਵੱਡਿਆਂ ਪੁੰਨਾਂ ਵਾਲੇ ਜੀਵ ਦੀ ਨਿਸ਼ਾਨੀ ਹੈ । ਇਹ ਅਵੱਸਥਾ ਗੁਰੂ ਤੋਂ ਬਿਨਾ, ਗੁਰਬਾਣੀ ਤੋਂ ਬਿਨਾਂ, ਕਿਸੇ ਨੂੰ ਵੀ ਨਸੀਬ ਨਹੀਂ ਹੋ ਸਕਦੀ । ਬੇਸਮਝ ਲੋਕ ਖਪ-ਖਪ ਕੇ ਮਰ ਜਾਂਦੇ ਹਨ, ਪਰ ਜਿਹੜੇ ਗੁਰਬਾਣੀ ਰਾਹੀਂ ਗਿਆਨ ਪ੍ਰਾਪਤ ਕਰ ਕੇ ਅਗਿਆਨਤਾ ਦੇ ਅੰਧੇਰੇ ਨੂੰ ਦੂਰ ਕਰ ਲੈਂਦੇ ਹਨ, ਤ੍ਹਿਨਾਂ ਦੇ ਅੰਦਰ ਸੱਚਮੁੱਚ ਸ਼ਬਦ ਗੁਰੂ ਪ੍ਰਕਾਸਿਓ ਦਾ ਅਸਰ ਹੋ ਜਾਂਦਾ ਹੈ, ਜਿਸ ਕਰ ਕੇ, ਬਾਹਰ ਦੁਨਿਆਵੀ ਵਸਤੂਆਂ ਨਜ਼ਰ ਨਾ ਆਉਣ, ਉਹ ਬਾਹਰ ਦਾ ਅੰਧੇਰਾ, ਜਿਸ ਕਰ ਕੇ ਅੰਦਰ ਬਾਹਰ ਮੌਜੂਦ ਸਰਬ ਵਿਆਪਕ ਪਰਮਾਤਮਾ ਨਜ਼ਰ ਨਾ ਆਵੇ, ਉਹ ਅਗਿਆਨਤਾ ਦਾ ਅੰਧੇਰਾ ਹੈ, ਮੈਂ ਦਾ ਅੰਧੇਰਾ ਹੈ । ਜੋ ਦੁਨਿਆਵੀ ਚੀਜ਼ਾਂ ਦਿਖਾ ਦੇਵੇ ਉਹ ਬਾਹਰ ਦਾ ਪ੍ਰਕਾਸ਼, ਜਿਸ ਕਰ ਕੇ ਹਰ ਥਾਂ 'ਤੇ ਵਿਆਪਕ ਪਰਮਾਤਮਾ ਨਜ਼ਰ ਆ ਜਾਏ, ਉਹ ਗੁਰਬਾਣੀ ਦਾ ਉਪਦੇਸ਼ ਰੂਪੀ ਪ੍ਰਕਾਸ਼ । ਹਨੇਰੇ ਨੂੰ ਦੂਰ ਕਰਨ ਲਈ ਦੀਵੇ ਦੀ ਲੋੜ ਹੈ, ਮੈਂ ਮੇਰੀ ਦੀ ਅਗਿਆਨਤਾ ਨੂੰ ਦੂਰ ਕਰਨ ਲਈ ਗਿਆਨ ਚਾਹੀਦਾ ਹੈ, ਜੋ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਬਾਣੀ 'ਚੋਂ ਆਸਾਨੀ ਨਾਲ ਪ੍ਰਾਪਤ ਕੀਤਾ ਜਾ ਸਕਦਾ ਹੈ । ਸੋਰਠਿ ਰਾਗ ਵਿੱਚ ਕਬੀਰ ਜੀ ਦਾ ਫੁਰਮਾਨ ਹੈ

**ਅੰਧਿਆਰੇ ਦੀਪਕ ਚਹੀਐ ਇਕ ਬਸਤੁ ਅਗੋਚਰ ਲਹੀਐ ॥**

(ਅੰਕ ੬੫੫, ਸੋਰਠ ਕਬੀਰ ਜੀ)

ਚੌਥੇ ਪਾਤਿਸ਼ਾਹ ਜੀ ਫੁਰਮਾਨ ਕਰਦੇ ਹਨ, ਉਹ ਪਰਮਾਤਮਾ ਜੋ ਦ੍ਰਿਸ਼ਟੀ ਗੋਚਰ ਨਹੀਂ ਸੀ, ਨਜ਼ਰ ਨਹੀਂ ਆਉਂਦਾ ਸੀ, ਗੁਰੂ ਸ਼ਬਦ ਰਾਹੀਂ ਸਾਡੀ ਸੁਰਤ ਦੀ ਪਕੜ ਵਿੱਚ ਆ ਜਾਂਦਾ ਹੈ ।

**ਅਦ੍ਰਿਸਟ ਅਗੋਚਰੁ ਪਕੜਿਆ ਗੁਰ ਸਬਦੀ ਹਉ ਸਤਿਗੁਰ ਕੈ ਬਲਿਹਾਰੀਐ ॥**

(ਤੁਖਾਰੀ ਛੰਤ ਮਹਲਾ ੪, ਅੰਕ ੧੧੧੪)

ਪਰਮਾਤਮਾ ਸਾਡੇ ਪਾਸ ਹੈ, ਪਰ ਨਜ਼ਰ ਨਹੀਂ ਆਉਂਦਾ, ਕਿਉਂਕਿ ਸਾਡੀ ਸੁਰਤ ਵਿੱਚ ਸ਼ਬਦ ਨਹੀਂ ਬਸਿਆ । ਸਾਡੀ ਸੁਰਤ ਸ਼ਬਦ ਗੁਰੂ ਦਾ ਚੇਲਾ ਨਹੀਂ ਬਣੀ । ਸੁਰਤ ਵਿੱਚ ਗੁਰਬਾਣੀ ਗਿਆਨ ਨਹੀਂ, ਜਿਸ ਸੁਰਤ ਵਿੱਚ ਗਿਆਨ ਨਹੀਂ, ਉਹ ਸੁੱਤੀ ਸੁਰਤ ਹੈ, ਬੇਹੋਸ਼ ਸੁਰਤ ਹੈ, ਜਿਵੇਂ ਇੱਕ ਗਾਥਾ ਹੈ: ਇੱਕ ਬੰਦੇ ਨੇ ਆਪਣੇ ਨੇਤਰਹੀਣ ਦੋਸਤ ਨੂੰ ਇੱਕ ਦਿਨ ਸ਼ਾਮ ਦੇ ਖਾਣੇ' 'ਤੇ ਸੱਦਿਆ, ਨੇਤਰਹੀਣ ਬੰਦਾ ਸੂਰਜ ਛੁਪਣ ਤੋਂ ਪਹਿਲਾਂ ਹੀ ਆਪਣੇ ਦੋਸਤ ਦੇ ਘਰ ਪਹੁੰਚ ਗਿਆ । ਅਕਸਰ ਨੇਤਰਹੀਣ ਬੰਦੇ ਆਉਣ-ਜਾਣ ਵਾਲੇ ਰਸਤੇ ਤੋਂ ਵਾਕਫ ਹੋ ਜਾਂਦੇ ਹਨ ਅਤੇ ਟੋਹ-ਟੋਹ ਕੇ ਪਹੁੰਚਣ ਵਾਲੀ ਜਗ੍ਹਾ 'ਤੇ ਪਹੁੰਚ ਜਾਂਦੇ ਹਨ । ਭੋਜਨ ਛਕਣ ਤੋਂ ਬਾਅਦ ਨੇਤਰਹੀਣ ਬੰਦਾ ਜਦੋਂ ਵਾਪਸ ਘਰ ਆਉਣ ਲੱਗਾ ਤਾਂ ਉਸ ਦੇ ਦੋਸਤ ਨੇ ਕਿਹਾ ਕਿ ਬਾਹਰ ਹਨੇਰਾ ਕਾਫੀ ਹੋ ਚੁੱਕਾ ਹੈ, ਮੈਂ ਦੀਵਾ ਜਗਾ ਦਿੰਦਾ ਹਾਂ ਤੂੰ ਨਾਲ ਲੈ ਜਾਵੀਂ,

ਨੇਤਰਹੀਣ ਨੇ ਕਿਹਾ ਕਿ ਦੇਖ, ਮੈਂ ਦੀਵਾ ਕੀ ਕਰਨਾ ਹੈ ? ਮੈਨੂੰ ਤਾਂ ਰੱਬ ਨੇ ਅੱਖਾਂ ਹੀ ਨਹੀਂ ਦਿੱਤੀਆਂ। ਉਸ ਦੇ ਦੋਸਤ ਨੇ ਕਿਹਾ, "ਭਾਵੇਂ ਤੇਰੇ ਕੋਲ ਅੱਖਾਂ ਨਹੀਂ, ਪਰ ਦੂਰੋਂ ਆਉਣ ਵਾਲਾ ਦੂਸਰਾ ਬੰਦਾ ਤੇਰੇ ਵਿੱਚ ਟੱਕਰ ਨਾ ਮਾਰੇ, ਤੇਰੇ ਬਚਾਅ ਲਈ ਤੇਰੇ ਹੱਥ ਦੀਵਾ ਹੋਵੇਗਾ ਤਾਂ ਰਾਤ ਦੇ ਹਨੇਰੇ ਵਿੱਚ ਦੂਸਰਿਆਂ ਦੀ ਟੱਕਰ ਤੋਂ ਬਚਿਆ ਰਹੇਂਗਾ, ਗੱਲ ਠੀਕ ਮੰਨ ਕੇ ਨੇਤਰਹੀਣ ਦੀਵਾ ਲੈ ਕੇ ਚੱਲ ਪਿਆ। ਕੁਝ ਸਫਰ ਕਰਨ ਤੋਂ ਬਾਅਦ ਰਸਤੇ ਵਿੱਚ ਸਾਹਮਣਿਓਂ ਆਉਂਦੇ ਇੱਕ ਸਾਇਕਲ ਸਵਾਰ ਨੇ ਉਸ ਨੂੰ ਆ ਟੱਕਰ ਮਾਰੀ, ਦੋਵੇਂ ਡਿੱਗ ਪਏ, ਨੇਤਰਹੀਣ ਨੇ ਕਿਹਾ, "ਓਏ ਮੇਰੇ ਹੱਥ ਦੀਵਾ ਵੀ ਤੈਨੂੰ ਨਜ਼ਰ ਨਹੀਂ ਆਇਆ।" ਦੀਵਾ ਵੀ ਇੱਕ ਪਾਸੇ ਡਿੱਗਾ ਪਿਆ ਸੀ। ਸਾਈਕਲ ਸਵਾਰ ਨੇ ਕਿਹਾ, "ਜਨਾਬ ਮਾਫ ਕਰਨਾ ਤੁਹਾਡੇ ਹੱਥ ਦੀਵਾ ਤਾਂ ਹੈ ਸੀ ਪਰ ਬੁਝਿਆ ਦੀਵਾ, ਕਿਤੇ ਹਵਾ ਨਾਲ ਰਸਤੇ ਵਿੱਚ ਚੱਲਦਿਆਂ ਹੀ ਦੀਵਾ ਬੁਝ ਗਿਆ ਸੀ। ਤੁਸੀਂ ਬੁਝਿਆ ਦੀਪਕ ਲੈ ਕੇ ਹੀ ਸਫਰ ਕਰੀ ਜਾ ਰਹੇ ਸੀ, ਜੇਕਰ ਬੁਝਿਆ ਦੀਪਕ ਲੈ ਕੇ ਸਫ਼ਰ ਕਰਾਂਗੇ ਤਾਂ ਚੋਟਾਂ ਹੀ ਖਾਵਾਂਗੇ" ਸਾਡੀ ਸੁਰਤ ਅੱਜ ਬੁਝਿਆ ਦੀਪਕ ਬਣ ਚੁੱਕੀ ਹੈ। ਜਿਨ੍ਹਾਂ ਪਾਸ ਗੁਰਬਾਣੀ ਦੀ ਰੌਸ਼ਨੀ, ਗੁਰਬਾਣੀ ਦਾ ਗਿਆਨ ਨਹੀਂ, ਜੇ ਕਰ ਸਾਡੀ ਸੁਰਤ ਵਿੱਚ ਗੁਰ ਸ਼ਬਦ ਦਾ ਗਿਆਨ ਨਹੀਂ ਤਾਂ ਸਾਡੀ ਸੁਰਤ ਵੀ ਬੁਝਿਆ ਦੀਪਕ ਹੀ ਹੈ। ਸਾਡੇ ਪਾਸ ਮਨ ਤੇ ਬੁੱਧੀ ਹਨ, ਪਰ ਗਿਆਨ ਦੀ ਸੁਰਤ ਤੋਂ ਖਾਲੀ ਹਨ, ਗਿਆਨ ਤੋਂ ਬਗੈਰ ਮਨ ਅਤੇ ਬੁੱਧੀ ਹਨ, ਪਰ ਗਿਆਨ ਦੀ ਸੁਰਤ ਤੋਂ ਖਾਲੀ ਹਨ, ਗਿਆਨ ਤੋਂ ਬਗੈਰ ਮਨ ਅਤੇ ਬੁੱਧੀ, ਮੈਂ-ਮੇਰੀ, ਵਿੱਚ ਰਹਿਣਗੇ। ਗੁਰਬਾਣੀ ਦੇ ਉਪਦੇਸ਼ ਨੂੰ ਪਹਿਚਾਣ ਕੇ ਚੱਲਣ ਵਾਲਿਆਂ ਦੀ ਮਨ ਬੁੱਧੀ ਸਹੀ ਸੁਰਤ ਵਿੱਚ ਹੋਣਗੇ। ਗੁਰੂ ਨਾਨਕ ਸਾਹਿਬ ਜੀ ਮਹਾਰਾਜ ਦਾ ਜਪੁਜੀ ਸਾਹਿਬ ਵਿੱਚ ਕਥਨ ਹੈ :

**ਮੰਨੈ ਸੁਰਤਿ ਹੋਵੈ ਮਨਿ ਬੁਧਿ ॥ ਮੰਨੈ ਸਗਲ ਭਵਣ ਕੀ ਸੁਧਿ ॥** (ਜਪੁ, ਅੰਕ ੩)

ਗੁਰਬਾਣੀ ਦੇ ਉਪਦੇਸ਼ ਨੂੰ ਮੰਨ ਕੇ ਚੱਲਣ ਵਾਲਿਆਂ ਦੀ ਸੁਰਤ ਵਿੱਚ, ਮਨ ਬੁੱਧੀ, ਇੱਕ ਐਸੀ ਪ੍ਰਕਾਸ਼ਮਾਨ ਬਣਕੇ ਗੁਰਸ਼ਬਦ ਦੇ ਰਾਹੀਂ ਸੋਝੀ ਦੇ ਸਕਦੀ ਹੈ, ਕਿ ਜ਼ਿੰਦਗੀ ਦੇ ਵਿੱਚ ਕਦੇ ਵੀ ਉਹ ਚੋਟਾਂ ਨਹੀਂ ਖਾਣਗੇ। ਗੁਰਬਾਣੀ ਸੁਰਤ ਦੇ ਬੁਝੇ ਹੋਏ ਦੀਪਕ ਨੂੰ ਗਿਆਨ ਰੂਪ ਵਿੱਚ ਪ੍ਰਕਾਸ਼ ਦੇਂਦੀ ਹੈ। ਗੁਰੂ ਨਾਨਕ ਸਾਹਿਬ ਜੀ ਮਹਾਰਾਜ ਦਾ ਫੁਰਮਾਨ ਹੈ :

**ਪੋਥੀ ਪੁਰਾਣ ਕਮਾਈਐ ਭਉ ਵਟੀ ਇਤੁ ਤਨਿ ਪਾਈਐ ॥**
**ਸਚੁ ਬੂਝਣੁ ਆਣਿ ਜਲਾਈਐ ਇਹੁ ਤੇਲੁ ਦੀਵਾ ਇਉ ਜਲੈ ॥**
**ਕਰਿ ਚਾਨਣੁ ਸਾਹਿਬ ਤਉ ਮਿਲੈ ॥ (ਸ੍ਰੀ ਰਾਗ ਮਹਲਾ ੧, ਅੰਕ ੨੫)**

ਸਾਹਿਬ ਸਤਿਗੁਰੂ ਜੀ ਦਾ ਪਾਵਨ ਫੁਰਮਾਨ 'ਪੋਥੀ ਪ੍ਰਮੇਸ਼ਰ ਕਾ ਥਾਨ' ਅਨੁਸਾਰ ਗੁਰਬਾਣੀ ਦੇ ਉਪਦੇਸ਼ ਦੀ ਕਮਾਈ ਕਰ ਕੇ ਜੀਵਨ ਬਣਾਈਏ। ਪ੍ਰਮੇਸ਼ਰ ਦੇ ਭਉ ਵਿੱਚ ਰਹਿ ਕੇ ਇਸ ਦੀ ਵੱਟੀ ਬਣਾਈਏ। ਸੱਚ ਪਰਮਾਤਮਾ ਨਾਲ ਜਾਣ ਪਹਿਚਾਣ ਕਰ ਕੇ ਆਪਣੀ ਸੁਰਤ ਦਾ ਦੀਵਾ ਜਗਾ ਲਈਏ। ਇਸ ਤਰ੍ਹਾਂ ਪ੍ਰਭੂ ਦਾ ਦੀਦਾਰ ਹੋ ਜਾਂਦਾ ਹੈ।

**ਸਤਿਗੁਰ ਸਬਦਿ ਉਜਾਰੋ ਦੀਪਾ ॥ ਬਿਨਸਿਓ ਅੰਧਕਾਰ ਤਿਹ ਮੰਦਰਿ**
**ਰਤਨ ਕੋਠੜੀ ਖੁਲੀ ਅਨੂਪਾ ॥੧॥ (ਅੰਕ ੮੨੧)**

ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਦੇ ਦਰਸ਼ਨ ਵੀ ਕਰੀਏ, ਪਰ ਮਾਤਰ ਬਾਹਰੋਂ ਦਰਸ਼ਨ ਕਰਨੇ ਹੀ ਕਾਫੀ ਨਹੀਂ ਹਨ, ਅਸੀਂ ਗੁਰਬਾਣੀ ਦੇ ਦੱਸੇ ਉਪਦੇਸ਼ ਅਨੁਸਾਰ ਆਪਣਾ ਜੀਵਨ ਬਣਾਈਏ ਤਾਂ ਹੀ ਸਾਡਾ ਜੀਵਨ ਸਫਲ ਹੈ ਅਤੇ ਜੀਵਨ ਵਿੱਚ ਸੁੱਖ ਵੀ ਤਾਂ ਹੀ ਮਿਲ ਸਕਦਾ ਹੈ।

**ਸਤਿਗੁਰ ਨੋ ਸਭੁ ਕੋ ਵੇਖਦਾ ਜੇਤਾ ਜਗਤੁ ਸੰਸਾਰੁ ॥**

ਡਿਠੈ ਮੁਕਤਿ ਨ ਹੋਵਈ ਜਿਚਰੁ ਸਬਦ ਨ ਕਰੇ ਵੀਚਾਰੁ ॥
(ਰਾਗ ਬਿਲਾਵਲ ਮਹਲਾ ੫, ਅੰਕ ੫੯੪)

ਗੁਰ ਸਬਦ ਦੀ ਵਿਚਾਰ ਤੋਂ ਪਤਾ ਚੱਲਦਾ ਹੈ, ਸਾਡੇ ਜੀਵਨ ਨੂੰ ਹਰ ਪੱਖੋਂ ਕਿਵੇਂ ਸੰਵਾਰਿਆ ਜਾ ਸਕਦੈ। ਅਸੀਂ ਕੀ ਕਰਨਾ ਹੈ ਅਤੇ ਕੀ ਨਹੀਂ ਕਰਨਾ।

## ਜੀਵਨ ਜੁਗਤਿ

1. ਸਭ ਤੋਂ ਪਹਿਲਾਂ ਸਾਡੇ ਲਈ ਜ਼ਰੂਰੀ ਹੈ ਕਿ ਸਤਿਗੁਰੂ ਜੀ ਦੇ ਉਪਦੇਸ਼ ਅਨੁਸਾਰ ਅੰਮ੍ਰਿਤ ਵੇਲੇ ਉੱਠਣਾ, ਅੰਮ੍ਰਿਤ ਵੇਲਾ ਸੰਭਾਲਣਾ ਅਤੇ ਨਾਮ ਜਪਣਾ।

ਝਾਲਾਘੇ ਉਠਿ ਨਾਮੁ ਜਪਿ ਨਿਸਿ ਬਾਸੁਰ ਆਰਾਧਿ ॥
ਕਾਰ੍ਹਾ ਤੁਝੈ ਨ ਬਿਆਪਈ ਨਾਨਕ ਮਿਟੈ ਉਪਾਧਿ ॥੧॥ (ਗਉੜੀ ਮਹਲਾ ੫, ਅੰਕ ੨੫੫)

ਅਤੇ ਇੱਕ ਹੋਰ ਥਾਂ ਤੇ ਕਥਨ ਹੈ:

ਪਰਭਾਤੇ ਪ੍ਰਭ ਨਾਮੁ ਜਪਿ ਗੁਰ ਕੇ ਚਰਣ ਧਿਆਇ ॥ (ਅੰਕ ੧੦੯੯)

ਸਤਿਗੁਰੂ ਪਾਤਿਸ਼ਾਹ ਜੀ ਇਹ ਵੀ ਫੁਰਮਾਨ ਕਰਦੇ ਹਨ:

ਗੁਰ ਸਤਿਗੁਰ ਕਾ ਜੋ ਸਿਖੁ ਅਖਾਏ ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ॥
(ਮਹਲਾ ੪, ਅੰਕ ੩੦੫)

2. ਮਿਹਨਤ ਦੀ ਕਮਾਈ ਕਰ ਕੇ ਪੈਸਾ ਕਮਾਉਣਾ ਅਤੇ ਉਸ ਕਮਾਈ ਵਿਚੋਂ ਸੇਵਾ ਕਰਨੀ, ਕੁੱਝ ਪੈਸਾ ਧਰਮ ਲੇਖੇ ਵੀ ਲਗਾਉਣਾ।

ਘਾਲਿ ਖਾਇ ਕਿਛੁ ਹਥਹੁ ਦੇਇ ॥ ਨਾਨਕ ਰਾਹੁ ਪਛਾਣਹਿ ਸੇਇ ॥
(ਸਲੋਕ ਮਹਲਾ ੧, ਅੰਕ ੧੨੪੫)

3. ਕਿਸੇ ਦਾ ਹੱਕ ਖੋਹ ਕੇ ਨਹੀਂ ਖਾਣਾ।

ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ ॥
ਗੁਰੁ ਪੀਰੁ ਹਾਮਾ ਤਾਂ ਭਰੇ ਜਾ ਮੁਰਦਾਰੁ ਨ ਖਾਇ ॥ (ਵਾਰ ਸਾਝ ਮਹਲਾ ੧, ਅੰਕ-੧੪੧)

4. ਆਪਣੇ ਤੋਂ ਵੱਡੇ ਨੂੰ ਵੇਖ ਕੇ ਜੋ ਸਾੜਾ ਕਰਨਾ, ਇਸ ਨੂੰ ਪਰਾਈ ਤਾਤ ਕਿਹਾ ਗਿਆ ਹੈ ਅਤੇ ਸਾਧ ਸੰਗਤ ਵਿੱਚ ਆਉਣ ਵਾਲਾ, ਗੁਰਬਾਣੀ ਦੇ ਸੰਦੇਸ਼ ਅਨੁਸਾਰ ਜੀਵਨ ਬਤੀਤ ਕਰਨ ਵਾਲਾ, ਇਸ ਪਰਾਈ ਤਾਤ ਤੋਂ ਬਚਿਆ ਰਹਿੰਦਾ ਹੈ।

ਬਿਸਰਿ ਗਈ ਸਭ ਤਾਤਿ ਪਰਾਈ ॥
ਜਬ ਤੇ ਸਾਧ ਸੰਗਤਿ ਮੋਹਿ ਪਾਈ ॥੧॥ਰਹਾਉ (ਅੰਕ ੧੨੯੯)

5. ਕਿਸੇ ਦੀ ਨਿੰਦਾ ਕਰਨੀ ਵੀ ਨਹੀਂ ਅਤੇ ਕਿਸੇ ਪਾਸੋਂ ਕਿਸੇ ਹੋਰ ਦੀ ਨਿੰਦਾ ਸੁਣਨੀ ਵੀ ਨਹੀਂ।

ਨਿੰਦਾ ਭਲੀ ਕਿਸੈ ਕੀ ਨਾਹੀ ਮਨਮੁਖ ਮੁਗਧ ਕਰੰਨਿ ॥
ਮੁਹ ਕਾਲੇ ਤਿਨ ਨਿੰਦਕਾ ਨਰਕੇ ਘੋਰਿ ਪਵੰਨਿ ॥੬॥ (ਅੰਕ ੭੫੫)

ਅਤੇ ਕਰਨ ਨਾ ਸੁਨੈ ਕਾਹੂ ਕੀ ਨਿੰਦਾ,
ਇੱਕ ਨਾ ਨਿੰਦਾ ਸੁਣੋ ਅਤੇ ਨਾ ਹੀ ਨਿੰਦਾ ਕਰੋ।

ਚਲਦਾ...

# ਖੂਨ ਦਾ ਦਬਾਅ

ਡਾ.ਦਰਸ਼ਨ ਜੋਤ ਕੌਰ

## ਖੂਨ ਦਾ ਦਬਾਅ (The blood pressure) ਕੀ ਹੈ?

ਜਦ ਖੁਨ ਦੀਆਂ ਨਾੜੀਆਂ ਵਿਚ ਖੁਨ ਦਾ ਸੰਚਾਰ ਹੁੰਦਾ ਹੈ,ਤਾਂ ਨਾੜੀਆਂ ਦੀਆਂ ਦਿਵਾਰਾਂ ਉਤੇ ਦਬਾਅ ਪੈਂਦਾ ਹੈ। ਇਸ ਨੂੰ ਖੂਨ ਦਾ ਦਬਾਅ (The blood pressure) ਕਿਹਾ ਜਾਂਦਾ ਹੈ।ਖੂਨ ਦਾ ਦਬਾਅ ਦਿਲ ਦੇ ਕੰਮ ਕਰਨ ਦੀ ਸਮਰੱਥਾ ਉਤੇ ਨਿਰਭਰ ਕਰਦਾ ਹੈ।ਦਿਲ ਸਾਰੀ ਉਮਰ ਨਿਯਮਿਤ ਰੂਪ ਵਿਚ ਸਮਾਨ ਗਤੀ ਨਾਲ ਇਕ ਪੰਪ ਦੀ ਤਰ੍ਹਾਂ ਕੰਮ ਕਰਦਾ ਰਹਿੰਦਾ ਹੈ।

## ਖੂਨ ਦਾ ਦਬਾਅ(The blood pressure) ਕਿੰਨੇ ਤਰ੍ਹਾਂ ਦਾ ਹੈ ?

ਇਹ ਦਬਾਅ ੨ ਤਰ੍ਹਾਂ ਦਾ ਹੁੰਦਾ ਹੈ-ਉਤਲਾ ਦਬਾਅ (systolic) ਅਤੇ ਹੇਠਲਾ ਦਬਾਅ (diastolic)

-ਉਤਲਾ ਦਬਾਅ (systolic ) -ਜਦੋਂ ਦਿਲ ਸੁੰਗੜਦਾ ਹੈ ਤਾਂ ਇਸ ਵਿਚਲਾ ਖੂਨ, ਖੂਨ ਦੀਆਂ ਨਾੜੀਆਂ ਰਾਹੀਂ ਬਾਕੀ ਸਰੀਰ ਤਕ ਪਹੁੰਚਦਾ ਹੈ।ਜਿੰਨੇ ਜ਼ੋਰ ਨਾਲ ਇਹ ਸੁੰਗੜਦਾ ਹੈ, ਉਨਾ ਹੀ ਨਾੜੀਆਂ ਦੀਆਂ ਦਿਵਾਰਾਂ ਉਤੇ ਦਬਾਅ ਪੈਂਦਾ ਹੈ।ਇਹ ਉਤਲਾ ਪਰੈਸ਼ਰ(systolic)ਕਹਿਲਾਂਦਾ ਹੈ।

-ਹੇਠਲਾ (diastolic) ਦਬਾਅ -ਦਿਲ ਦੇ ਸੰਗੜਨ ਦੀ ਕਿਰਿਆ ਦੇ ਵਿਚਕਾਰ ਦਿਲ ਦੀਆਂ ਮਾਸ ਪੇਸ਼ੀਆਂ ਆਰਾਮ ਦੀ ਅਵਸਥਾ ਵਿਚ ਆ ਜਾਂਦੀਆਂ ਹਨ।ਇਸ ਸਮੇਂ ਨਾੜੀਆਂ ਵਿਚ ਖੂਨ ਦਾ ਦਬਾਅ ਵੀ ਘੱਟ ਜਾਂਦਾ ਹੈ।ਇਸ ਨੂੰ ਹੇਠਲਾ (diastolic) ਪਰੈਸ਼ਰ ਕਹਿੰਦੇ ਹਨ।

## ਖੂਨ ਦਾ ਦਬਾਅ ਕਿਵੇਂ ਦਰਸਾਇਆ ਜਾਂਦਾ ਹੈ?

ਖੂਨ ਦਾ ਦਬਾਅ ਸਪੈਸ਼ਲ ਮਸ਼ੀਨ ਨਾਲ ਨਾਪਿਆ ਜਾਂਦਾ ਹੈ।ਦਬਾਅ ਮਿਲੀਮੀਟਰ ਮਰਕਰੀ ਵਿਚ ਦਰਸਾਇਆ ਜਾਂਦਾ ਹੈ।ਜੇ ਉਤਲਾ ਬਲੱਡ ਪਰੈਸ਼ਰ 120 ਅਤੇ ਹੇਠਲਾ ਬਲੱਡ ਪਰੈਸ਼ਰ 80 ਹੈ ਤਾਂ ਇਹ 120/80 ਮਿ.ਮਿ.ਲਿਖਿਆ ਜਾਂ ਦਸਿਆ ਜਾਂਦਾ ਹੈ।

## ਸੁਭਾਵਕ (normal) ਬਲੱਡ ਪਰੈਸ਼ਰ ਕਿਸ ਨੂੰ ਕਿਹਾ ਜਾਂਦਾ ਹੈ?

ਜੇ ਸਿਸਟੋਲਿਕ ਬਲੱਡ ਪਰੈਸ਼ਰ 120 ਅਤੇ ਡਾਇਆਸਟੋਲਿਕ ਬਲੱਡ ਪਰੈਸ਼ਰ 80 ਤਕ ਹੋਵੇ ਤਾਂ ਇਸ ਨੂੰ ਨਾਰਮਲ ਕਿਹਾ ਜਾਂਦਾ ਹੈ।

## ਖੂਨ ਦਾ ਵਧੇਰੇ ਦਬਾਅ (hypertension) ਕਿਸ ਨੂੰ ਕਿਹਾ ਜਾਂਦਾ ਹੈ?

ਜੇ ਖੁਨ ਦਾ ਦਬਾਅ 120/80 ਤੋਂ ਵੱਧ ਹੋਵੇ ਤਾਂ ਇਸ ਨੂੰ ਖੂਨ ਦਾ ਵਧੇਰੇ ਦਬਾਅ (hypertension) ਕਿਹਾ ਜਾਂਦਾ ਹੈ।

## ਖੂਨ ਦਾ ਵਧੇਰੇ ਦਬਾਅ (hypertension) ਕਿੰਨੀ ਤਰ੍ਹਾਂ ਦਾ ਹੈ?

ਖੂਨ ਦਾ ਵਧੇਰੇ ਦਬਾਅ (hypertension) ਦੀਆਂ ਹੇਠ ਲਿਖੀਆਂ ਕਿਸਮਾਂ ਹਨ(according to "the Joint National Committee on Prevention, Detection, Evaluation, and Treatment of High Blood Pressure")----

ਖੂਨ ਦੇ ਵਧੇਰੇ ਦਬਾਅ ਤੋਂ ਪਹਿਲੀ ਸਟੇਜ ("Prehypertension")---

ਉਤਲਾ (systolic) ਪਰੈਸ਼ਰ= 120-139 mmHg

ਹੇਠਲਾ (diastolic) ਪਰੈਸ਼ਰ=80-89 mmHg

Stage 1 Hypertension

ਉਤਲਾ (systolic) ਪਰੈਸ਼ਰ= 140-159 mmHg

ਹੇਠਲਾ (ਦਇਸਟੋਲਚਿ) ਪਰੈਸ਼ਰ= 90-99 mmHg

Stage 2 Hypertension

ਉਤਲਾ (systolic) ਪਰੈਸ਼ਰ= 160 or greater mmHg

ਹੇਠਲਾ (diastolic) ਪਰੈਸ਼ਰ= 100 or greater. mmHg

# ਰਾਗ ਬਿਲਾਵਲ

ਪ੍ਰੋ. ਜਸਵਿੰਦਰ ਸਿੰਘ
98141-85854

ਥਾਟ-ਬਿਲਾਵਲ ਵਾਦੀ-ਧੈਵਤ ਸੰਵਾਦੀ-ਗੰਧਾਰ ਸੁਰ-ਸਾਰੇ ਸ਼ੁਧ ਵਰਜਿਤ ਸੁਰ-ਕੋਈ ਨਹੀ
ਜਾਤੀ ਸੰਪੂਰਨ-ਸੰਪੂਰਨ ਸਮਾਂ-ਦਿਨ ਦਾ ਦੂਜਾ ਪਹਿਰ
ਆਰੋਹ - ਸ, ਰੇ ਗ ਮ ਪ, ਧ ਨੀ ਸਂ ।
ਅਵਰੋਹ - ਸਂ ਨੀ ਧ ਪ, ਮ ਗ ਰੇ ਸ ।
ਪਕੜ - ਰੇ ਗ ਰੇ ਮ ਗ, ਪ ਮ ਗ, ਧ ਪ ਮ ਗ, ਮ ਰੇ ਸ ।

## ਰਾਗ ਬਿਲਾਵਲ ਤਾਲ ਦਾਦਰਾ ਮੱਧ ਲੈਅ

| ਸਥਾਈ | | | | | | | ਅੰਤਰਾ | | | | | |
|---|---|---|---|---|---|---|---|---|---|---|---|---|
| 1 | 2 | 3 | 4 | 5 | 6 | | 1 | 2 | 3 | 4 | 5 | 6 |
| x | | | 0 | | | | x | | | 0 | | |
| ਗ | ਰੇ | ਮ | ਗ | ਰੇ | ਸ | | ਪ | ਪ | ਪ | ਨੀ | ਧ | ਨੀ |
| ਐ | ਸਾ | s | ਨਾ | ਮ | ਨਿ | | ਆ | ਪੇ | s | ਸ | ਬ | ਦ |
| ਪ | ਰੇ | ਗ | ਮਪ | ਮ | ਗ | | ਸਂ | ਸਂ | ਸਂ | ਸਂ | ਰੇਂ | ਸਂ |
| ਰੰ | ਜ | ਨ | ਦੇs | ਉ | s | | ਆ | ਪੇ | ਨੀ | ਸਾ | s | ਨ |
| ਪ | ਪ | ਪ | ਨੀ | ਧ | ਨੀ | | ਸਂ | ਸਂ | ਸਂ | ਨੀ | ਧ | ਪ |
| ਹਉ | s | ਜਾ | ਚਿ | ਕ | ਤੂੰ | | ਆ | ਪੇ | s | ਸੁਰ | ਤਾ | s |
| ਸਂ | ਨੀ | ਧ | ਪ | ਮ | ਗ | | ਗਮ | ਰੇ | ਗ | ਮਪ | ਮ | ਗ |
| ਅਲ | ਖ | ਅ | ਭੇ | s | ਉ | | ਆs | ਪੇ | s | ਜਾs | s | ਨ |
| | | | | | | | ਪ | ਪ | ਪ | ਨੀ | ਧ | ਨੀ |
| | | | | | | | ਆ | ਪੇ | s | ਕਰਿ | ਕ | ਰਿ |
| | | | | | | | ਸਂ | ਸਂ | ਸਂ | ਸਂ | ਰੇਂ | ਸਂ |
| | | | | | | | ਵੇ | ਖੈ | s | ਤਾ | s | ਣ |
| | | | | | | | ਸਂ | ਸਂ | ਸਂ | ਨੀ | ਧ | ਪ |
| | | | | | | | ਤੂੰ | s | s | ਦਾ | ਤਾ | s |
| | | | | | | | ਗਮ | ਰੇ | ਗ | ਮਪ | ਮ | ਗ |
| | | | | | | | ਨਾs | ਮ | ਪਰ | ਵਾs | s | ਣ |

ਬਿਲਾਵਲੁ ਮਹਲਾ ੧ ॥ ਆਪੇ ਸਬਦੁ ਆਪੇ ਨੀਸਾਨੁ ॥ ਆਪੇ ਸੁਰਤਾ ਆਪੇ ਜਾਨੁ ॥ ਆਪੇ ਕਰਿ ਕਰਿ ਵੇਖੈ ਤਾਣੁ ॥ ਤੂ ਦਾਤ ਨਾਮੁ ਪਰਵਾਣੁ ॥੧॥ ਐਸਾ ਨਾਮੁ ਨਿਰੰਜਨ ਦੇਉ ॥ ਹਉ ਜਾਚਿਕੁ ਤੂ ਲਖ ਅਭੇਉ ॥੧॥ ਰਹਾਉ ॥ ਮਾਇਆ ਮੋਹੁ ਧਰਕਟੀ ਨਾਰਿ ॥ ਭੂੰਡੀ ਕਾਮਣਿ ਕਾਮਣਿਆਰਿ ॥ ਰਾਜੁ ਰੂਪੁ ਝੂਠਾ ਦਿਨ ਚਾਰਿ ॥ ਨਾਮੁ ਮਿਲੈ ਚਾਨਣੁ ਅੰਧਿਆਰਿ ॥੨॥ ਚਖਿ ਛੋਡੀ ਸਹਸਾ ਨਹੀ ਕੋਇ ॥ ਬਾਪੁ ਦਿਸੈ ਵੇਜਾਤਿ ਨ ਹੋਇ ॥ ਏਕੇ ਕਉ ਨਾਹੀ

ਭਉ ਕੋਇ ॥ ਕਰਤਾ ਕਰੇ ਕਰਾਵੈ ਸੋਇ ॥੩॥ ਸਬਦਿ ਮੁਏ ਮਨੁ ਮਨ ਤੇ ਮਾਰਿਆ ॥ ਠਾਕਿ ਰਹੇ ਮਨੁ ਸਾਚੈ ਧਾਰਿਆ ॥ ਅਵਰੁ ਨ ਸੂਝੈ ਗੁਰ ਕਉ ਵਾਰਿਆ ॥ ਨਾਨਕ ਨਾਮਿ ਰਤੇ ਨਿਸਤਾਰਿਆ ॥੪॥੩॥

ਅਰਥ:- ਹੇ ਮਾਇਆ ਦੇ ਪ੍ਰਭਾਵ ਤੋਂ ਰਹਿਤ ਪ੍ਰਕਾਸ਼-ਰੂਪ ਪ੍ਰਭੂ ! ਤੇਰਾ ਨਾਮ ਭੀ ਏਹੋ ਜੇਹਾ ਹੀ ਹੈ (ਜਿਹੋ ਜੇਹਾ ਤੂੰ ਆਪ ਹੈਂ । ਭਾਵ, ਤੇਰਾ ਨਾਮ ਭੀ ਮਾਇਆ ਦੇ ਮੋਹ ਤੋਂ ਬਚਾਂਦਾ ਹੈ) । ਹੇ ਪ੍ਰਭੂ ! ਤੇਰਾ ਕੋਈ ਖ਼ਾਸ ਚਿਹਨ ਚੱਕ੍ਰ ਨਹੀਂ ਲੱਭ ਸਕਦਾ, ਤੇਰਾ ਭੇਦ ਨਹੀਂ ਪਾਇਆ ਜਾ ਸਕਦਾ । ਮੈਂ (ਤੇਰੇ ਦਰ ਤੇ) ਮੰਗਤਾ ਹਾਂ (ਤੇ ਤੈਥੋਂ ਤੇਰੇ ਨਾਮ ਦੀ ਦਾਤਿ ਮੰਗਦਾ ਹਾਂ) ।੧।ਰਹਾਉ। (ਜਿਸ ਮਨੁੱਖ ਨੂੰ ਨਾਮ ਦੀ ਦਾਤਿ ਮਿਲ ਜਾਂਦੀ ਹੈ ਉਸ ਨੂੰ ਇਹ ਯਕੀਨ ਬਣ ਜਾਂਦਾ ਹੈ ਕਿ ਪ੍ਰਭੂ) ਆਪ ਹੀ ਸਿਫ਼ਤਿ-ਸਾਲਾਹ ਹੈ (ਭਾਵ, ਜਿਥੇ ਉਸ ਦੀ ਸਿਫ਼ਤਿ-ਸਾਲਾਹ ਹੁੰਦੀ ਹੈ ਉਥੇ ਉਹ ਮੌਜੂਦ ਹੈ), ਆਪ ਹੀ (ਜੀਵ ਵਾਸਤੇ ਜੀਵਨ-ਸਫ਼ਰ ਵਿਚ) ਰਾਹਦਾਰੀ ਹੈ, ਪ੍ਰਭੂ ਆਪ ਹੀ (ਜੀਵਾਂ ਦੀਆਂ ਅਰਦਾਸਾਂ) ਸੁਣਨ ਵਾਲਾ ਹੈ, ਆਪ ਹੀ (ਜੀਵਾਂ ਦੇ ਦੁੱਖ-ਦਰਦ) ਜਾਣਨ ਵਾਲਾ ਹੈ । ਪ੍ਰਭੂ ਆਪ ਹੀ ਜਗਤ-ਰਚਨਾ ਰਚ ਕੇ ਆਪ ਹੀ ਆਪਣਾ (ਇਹ) ਬਲ ਵੇਖ ਰਿਹਾ ਹੈ । ਹੇ ਪ੍ਰਭੂ ! ਤੂੰ (ਜੀਵਾਂ ਨੂੰ ਸਭ ਦਾਤਾਂ) ਦੇਣ ਵਾਲਾ ਹੈਂ, (ਜਿਸ ਨੂੰ ਤੂੰ ਆਪਣਾ ਨਾਮ ਬਖ਼ਸ਼ਦਾ ਹੈਂ, ਉਹ ਤੇਰੇ ਦਰ ਤੇ) ਕਬੂਲ ਹੋ ਜਾਂਦਾ ਹੈ ।੧। (ਨਾਮ ਜਪਣ ਵਾਲੇ ਨੂੰ ਇਹ ਸਮਝ ਆ ਜਾਂਦੀ ਹੈ ਕਿ) ਮਾਇਆ ਦਾ ਮੋਹ ਇਕ ਵਿਭਚਾਰਨ ਇਸਤ੍ਰੀ ਦੇ ਮੋਹ ਸਮਾਨ ਹੈ, ਮਾਇਆ ਇਕ ਟੂਣੇ ਕਰਨ ਵਾਲੀ ਭੈੜੀ ਇਸਤ੍ਰੀ ਸਮਾਨ ਹੈ, ਦੁਨੀਆ ਦੀ ਹਕੂਮਤ ਤੇ ਸੁੰਦਰਤਾ ਨਾਸਵੰਤ ਹਨ, ਥੋੜੇ ਹੀ ਦਿਨ ਰਹਿਣ ਵਾਲੇ ਹਨ (ਪਰ ਇਹਨਾਂ ਦੇ ਅਸਰ ਹੇਠ ਮਨੁੱਖ ਜਹਾਲਤ ਦੇ ਹਨੇਰੇ ਵਿਚ ਜੀਵਨ ਵਿਚ ਜੀਵਨ-ਠੇਡੇ ਖਾਂਦਾ ਫਿਰਦਾ ਹੈ) । ਜਿਸ ਮਨੁੱਖ ਨੂੰ ਪ੍ਰਭੂ ਦਾ ਨਾਮ ਮਿਲ ਜਾਂਦਾ ਹੈ, ਉਸ ਨੂੰ (ਮਾਇਆ ਦੇ ਮੋਹ ਦੇ) ਹਨੇਰੇ ਵਿਚ ਚਾਨਣ ਮਿਲ ਜਾਂਦਾ ਹੈ ।੨। (ਇਹ ਗੱਲ ਚੰਗੀ ਤਰ੍ਹਾਂ) ਪਰਖ ਵੇਖੀ ਹੈ, ਜਿਸ ਵਿਚ ਕੋਈ ਸ਼ੱਕ ਨਹੀਂ ਕਿ ਜਿਸ ਦਾ ਪਿਉ ਪ੍ਰਤੱਖ ਦਿੱਸਦਾ ਹੋਵੇ ਉਹ ਭੈੜੇ ਅਸਲੇ ਵਾਲਾ ਨਹੀਂ ਅਖਵਾਂਦਾ (ਜੋ ਮਨੁੱਖ ਆਪਣੇ ਸਿਰ ਉਤੇ ਪਿਤਾ-ਪ੍ਰਭੂ ਨੂੰ ਰਾਖਾ ਮੰਨਦਾ ਹੈ ਉਹ ਵਿਕਾਰਾਂ ਵਲ ਨਹੀਂ ਪਰਤਦਾ) । ਇੱਕ ਪ੍ਰਭੂ-ਪਿਤਾ ਵਾਲੇ ਨੂੰ (ਕਿਸੇ ਤੋਂ) ਕੋਈ ਡਰ ਨਹੀਂ ਰਹਿੰਦਾ (ਕਿਉਂਕਿ ਉਸ ਨੂੰ) ਯਕੀਨ ਬਣਿਆ ਰਹਿੰਦਾ ਹੈ ਕਿ) ਉਹ ਪਰਮਾਤਮਾ ਹੀ ਸਭ ਕੁਝ ਕਰਦਾ ਹੈ ਤੇ (ਜੀਵਾਂ ਪਾਸੋਂ) ਕਰਾਂਦਾ ਹੈ ।੩। ਜਿਹੜੇ ਮਨੁੱਖ ਗੁਰੂ ਦੇ ਸ਼ਬਦ ਵਿਚ ਜੁੜ ਕੇ ਆਪਾ-ਭਾਵ ਮੁਕਾਂਦੇ ਹਨ ਆਪਣੇ ਮਨ ਨੂੰ ਮਾਇਕ ਫੁਰਨਿਆਂ ਵਲੋਂ ਰੋਕ ਲੈਂਦੇ ਹਨ, ਉਹ ਵਿਕਾਰਾਂ ਵਲੋਂ ਰੁਕੇ ਰਹਿੰਦੇ ਹਨ ਕਿਉਂਕਿ ਸੱਚਾ ਕਰਤਾਰ ਉਹਨਾਂ ਦੇ ਮਨ ਨੂੰ (ਆਪਣੇ ਨਾਮ ਦਾ) ਆਸਰਾ ਦੇਂਦਾ ਹੈ। ਮੈਂ ਗੁਰੂ ਤੋਂ ਸਦਕੇ ਹਾਂ, ਉਸ ਤੋਂ ਬਿਨਾ ਕੋਈ ਹੋਰ ਐਸਾ ਨਹੀਂ (ਜੋ ਮਨ ਨੂੰ ਪ੍ਰਭੂ ਵਿਚ ਜੋੜਨ ਲਈ ਸਹਾਇਤਾ ਕਰੇ) । ਹੇ ਨਾਨਕ ! ਪ੍ਰਭੂ-ਨਾਮ ਵਿਚ ਰੰਗੇ ਹੋਏ ਬੰਦਿਆਂ ਨੂੰ ਪ੍ਰਭੂ (ਸੰਸਾਰ-ਸਮੁੰਦਰ ਤੋਂ) ਪਾਰ ਲੰਘਾ ਲੈਂਦਾ ਹੈ ।

## ਗਤੀਵਿਧੀਆਂ

### ਨਾਨਕਸ਼ਾਹੀ ਜੰਤਰੀ ਅਨੁਸਾਰ ਸਾਵਣ ਮਹੀਨੇ ਦੀ ਪਹਿਲੀ ਤਰੀਕ ਦਾ ਸਮਾਗਮ:-

ਨਾਨਕਸ਼ਾਹੀ ਜੰਤਰੀ ਅਨੁਸਾਰ ਪਹਿਲੀ ਤਰੀਕ ਦਾ ਸਮਾਗਮ ਮਿਤੀ 14-07-2015 ਤੋਂ ਸ੍ਰੀ ਅਖੰਡ ਪਾਠ ਸਾਹਿਬ ਦੀ ਅਰੰਭਤਾ ਨਾਲ ਸ਼ੁਰੂ ਹੋਇਆ । ਪਾਠ ਦੇ ਭੋਗ 16-07-2015 ਨੂੰ ਸਵੇਰ ਦੇ ਸਮੇਂ ਪਾਏ ਗਏ।

ਮਿਤੀ 16-07-2015 ਦਿਨ ਵੀਰਵਾਰ ਸ਼ਾਮ ਨੂੰ 6.30 ਤੋਂ 9.00 ਵਜੇ ਤੱਕ **"ਸਾਵਣ ਸਰਸੀ ਕਾਮਣੀ ਚਰਨ ਕਮਲ ਸਿਉ ਪਿਆਰ "॥** ਦੇ ਵਿਸ਼ੇ ਤੇ ਸਮਾਗਮ ਗੁਰਮਤਿ ਪ੍ਰਸਾਰ ਭਵਨ ਵਿਖੇ ਆਯੋਜਿਤ ਕੀਤਾ ਗਿਆ। ਕੀਰਤਨ ਤੇ ਕਥਾ ਦੀ ਸੇਵਾ ਗੁਰਮਤਿ ਪ੍ਰਸਾਰ ਟ੍ਰੇਨਿੰਗ ਇਨਸਟੀਚਿਊਟ ਦੇ ਵਿਦਿਆਰਥੀਆਂ ਨੇ ਨਿਭਾਈ ।ਭਾਈ ਤਾਰੂ ਸਿੰਘ ਜੀ ਦੀ ਸ਼ਹੀਦੀ ਤੇ ਕਥਾ ਵਾਇਸ ਪ੍ਰਿੰਸੀਪਲ ਭਾਈ ਹਰਵੀਰ ਸਿੰਘ ਨੇ ਕੀਤੀ ।ਸਮਾਪਤੀ ਤੇ ਗੁਰੂ ਕਾ ਲੰਗਰ ਅਤੁੱਟ ਵਰਤਿਆ।

## ਧਾਰਮਿਕ ਫਿਲਮ :-

**ਗੁਰਮਤਿ ਪ੍ਰਸਾਰ ਸੇਵਾ ਸੋਸਾਇਟੀ ਵਲੋਂ ਬੱਚਿਆਂ ਅਤੇ ਸੰਗਤਾਂ ਨੂੰ ਗੁਰ ਇਤਿਹਾਸ ਨਾਲ ਜੋੜਨ ਲਈ ਮਿਤੀ 20-07-2015 ਤੋਂ ਹਰ ਸੋਮਵਾਰ ਸ਼ਾਮ 7.30 ਤੋਂ 9.00 ਵਜੇ ਤੱਕ ਗੁਰਦੁਆਰਾ ਸਾਹਿਬ ਗੁਰਮਤਿ ਪ੍ਰਸਾਰ ਭਵਨ ਵਿਖੇ ਧਾਰਮਿਕ ਫਿਲਮ ਦਿਖਾਈ ਜਾਂਦੀਂ ਹੈ ।**

## ਅਖੰਡ ਕੀਰਤਨ ਸਮਾਗਮ :-

ਧੰਨ-ਧੰਨ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੇ ਪ੍ਰਕਾਸ਼ ਪੂਰਬ ਨੂੰ ਸਮਰਪਿਤ ਅਖੰਡ ਕੀਰਤਨੀ ਜਥੇ ਦੇ ਸਿੰਘਾਂ ਵਲੋਂ ਅਖੰਡ ਕੀਰਤਨ ਸਮਾਗਮ ਮਿਤੀ 23-07-2015 ਦਿਨ ਵੀਰਵਾਰ ਸ਼ਾਮ 7.00 ਵਜੇ ਤੋਂ 9.00 ਤੱਕ ਗੁਰਮਤਿ ਪ੍ਰਸਾਰ ਭਵਨ ਵਿਖੇ ਕੀਤੇ ਗਏ । ਸੰਗਤਾਂ ਨੇ ਹੁੰਮ ਹੁੰਮਾ ਕੇ ਦਰਸ਼ਨ ਦਿੱਤੇ ਅਤੇ ਕੀਰਤਨ ਦੇ ਲਾਹੇ ਲਏ।

## ਸਮਾਗਮ ਦੀਆਂ ਝਲਕੀਆਂ






## ਸ਼ੁਕਰਾਨਾ/ ਅਰਦਾਸ ਸਮਾਗਮ:-

ਗੁਰਮਤਿ ਪ੍ਰਸਾਰ ਡਿਗਰੀ (B.A) ਕੋਰਸ ਦੇ ਪਹਿਲੇ/ਦੂਸਰੇ/ਤੀਸਰੇ ਸਾਲ ਦੇ ਵਿਦਿਆਰਥੀਆਂ ਦੇ ਸਫਲ ਹੋਣ ਤੇ ਸ਼ੁਕਰਾਨਾ ਕਰਨ ਲਈ ਅਤੇ ਨਵੇਂ ਬੈਚ ਦੀ ਭਰਤੀ ਤੇ ਵਿਦਿਆਰਥੀਆਂ ਦੇ ਕਮਰ ਕਸੇ ਕਰਨ ਹਿੱਤ ਸ਼ੁਕਰਾਨਾ / ਅਰਦਾਸ ਸਮਾਗਮ ਮਿਤੀ 19-07-2015 ਦਿਨ ਐਤਵਾਰ ਨੂੰ ਸਵੇਰੇ 8:30 ਵਜੇ ਤੋਂ 1:00 ਵਜੇ ਤੱਕ ਗੁਰਮਤਿ ਪ੍ਰਸਾਰ ਭਵਨ, ਵਿਖੇ ਕਰਵਾਏ ਗਏ ਜਿਸ ਵਿੱਚ ਇਸਤ੍ਰੀ ਸਤਿਸੰਗ ਸਭਾ ਦੀਆਂ ਬੀਬੀਆਂ ਨੇ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਨਾਲ ਅਰੰਭਤਾ ਕੀਤੀ ਫਿਰ ਗੁਰਮਤਿ ਪ੍ਰਸਾਰ ਟ੍ਰੇਨਿੰਗ ਇਨਸਟੀਚਿਊਟ ਦੇ ਵਿਦਿਆਰਥੀਆਂ ਅਤੇ ਬੀਬੀ ਤ੍ਰਿਪਤ ਕੌਰ ਜਿਨ੍ਹਾਂ ਨੇ 'ਚਾਰ ਸ਼ਾਹਿਬਜ਼ਾਦੇ' ਫਿਲਮ ਵਿੱਚ ਸਾਹਿਬਜ਼ਾਦਿਆਂ ਦੀ ਘੋੜੀ ਗਾਈ ਸੀ ਉਹਨਾ ਨੇ ਵੀ ਸ਼ਬਦ ਦੀ ਹਾਜ਼ਰੀ ਲਗਵਾਈ ਅਤੇ ਭਾਈ ਬਲਵਿੰਦਰ ਸਿੰਘ 'ਸਾਗਰ' ਮੋਹਾਲੀ ਵਾਲਿਆ ਨੇ ਕੀਰਤਨ ਦੀ ਸੇਵਾ ਨਿਭਾਈ ।ਗਿਆਨੀ ਸਾਹਿਬ ਸਿੰਘ, ਸ਼ਾਹਬਾਦ ਮਾਰਕੰਡਾ ਵਾਲਿਆ ਨੇ ਗੁਰਮਤਿ ਵਿਚਾਰਾਂ ਦੀ ਸਾਂਝ ਪਾਈ । ਉਪ੍ਰੰਤ B.A ਅਤੇ ਤਿੰਨ ਸਾਲਾ ਪ੍ਰਚਾਰਕ ਦਾ ਕੋਰਸ ਸੰਪੂਰਨ ਕਰਨ ਵਾਲੇ ਵਿਦਿਆਰਥੀਆਂ ਨੂੰ ਗਿਆਨੀ ਸਾਹਿਬ ਸਿੰਘ ਜੀ ਅਤੇ ਗੁਰਮਤਿ ਪ੍ਰਸਾਰ ਸੇਵਾ ਸੋਸਾਇਟੀ ਦੇ ਮੈਂਬਰ ਸਾਹਿਬਾਨ ਨੇ ਸਰਟੀਫਿਕੇਟ ਅਤੇ ਸਨਮਾਨ ਚਿੰਨ ਦੇ ਕੇ ਸਨਮਾਨਿਤ ਕੀਤਾ । ਇਸ ਮੌਕੇ ਵੱਖ-ਵੱਖ ਗੁਰਦਵਾਰਾ ਸਾਹਿਬ ਦੇ ਪ੍ਰਬੰਧਕਾ ਨੂੰ ਵੀ ਸਨਮਾਨ ਚਿੰਨ ਦੇ ਕੇ ਸਨਮਾਨਿਤ ਕੀਤਾ ਗਿਆ । ਅਰਦਾਸ ਉਪ੍ਰੰਤ ਨਵੇ ਬੈਚ ਦੇ ਵਿਦਿਆਰਥੀਆਂ ਨੂੰ ਕਮਰ ਕੱਸੇ ਕਰਵੇ ਗਏ । ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ

# ਅਰਦਾਸ/ਸ਼ੁਕਰਾਨਾ ਸਮਾਗਮ ਤਸਵੀਰਾਂ ਦੀ ਜ਼ੁਬਾਨੀ





ਸੁਖਮਨੀ ਸਾਹਿਬ ਸੋਸਾਇਟੀ ਦੀਆਂ ਭੈਣਾ ਸੁਖਮਨੀ ਸਾਹਿਬ ਦਾ ਪਾਠ/ਕੀਰਤਨ ਦੀ ਸੇਵਾ ਨਿਭਾਉਦੀਆਂ



ਬੀਬੀ ਤ੍ਰਿਪਤ ਕੌਰ ਕੀਰਤਨ ਦੀ ਸੇਵਾ ਵਿੱਚ



ਗੁਰਮਤਿ ਪ੍ਰਸਾਰ ਟ੍ਰੇਨਿੰਗ ਇਨਸਟੀਚਿਊਟ ਦੇ ਸੇਵਕ ਕੀਰਤਨ ਦੀ ਸੇਵਾ ਵਿੱਚ



ਭਾਈ ਬਲਵਿੰਦਰ ਸਿੰਘ ਸਾਗਰ ਕੀਰਤਨ ਦੀ ਸੇਵਾ ਨਿਭਾਉਂਦੇ



ਗਿਆਨੀ ਸਾਹਿਬ ਸਿੰਘ ਜੀ ਸਾਹਬਾਦ ਸੰਗਤਾਂ ਨੂੰ ਗੁਰਮਤਿ ਵਿਚਾਰਾਂ ਨਾਲ ਜੋੜਦੇ ਹੋਏ

## ਸ਼ੁਕਰਾਨਾ / ਅਰਦਾਸ ਸਮਾਗਮ ਵਿੱਚ ਹਾਜ਼ਰੀ ਭਰਨ ਵਾਲੇ ਵੱਖ-ਵੱਖ ਗੁਰਦੁਆਰਿਆਂ ਦੇ ਪ੍ਰਬੰਧਕਾਂ ਨੂੰ ਸਨਮਾਨਿਤ ਕਰਦੇ ਸੋਸਾਇਟੀ ਦੇ ਸੇਵਾਦਾਰ













## ਸਮਾਗਮ ਦੌਰਾਨ ਅਰਦਾਸ ਵਿੱਚ ਜੁੜੀਆਂ ਸੰਗਤਾਂ





## ਗੁਰਮਤਿ ਪ੍ਰਚਾਰਕ / B.A. ਗੁਰਮਤਿ ਸੰਗੀਤ ਕੋਰਸ 2012-15 ਸੰਪੂਰਨ ਕਰਨ ਵਾਲੇ ਵਿਦਿਆਰਥੀਆਂ ਨੂੰ ਸਨਮਾਨਿਤ ਕਰਨ ਅਤੇ ਸਰਟੀਫਿਕੇਟ ਪ੍ਰਾਪਤੀ ਸਮੇਂ ਦਾ ਦ੍ਰਿਸ਼










## ਗੁਰਮਤਿ ਪ੍ਰਚਾਰਕ / B.A. ਗੁਰਮਤਿ ਸੰਗੀਤ ਕੋਰਸ 2015-18 ਲਈ ਭਰਤੀ ਕੀਤੇ ਗਏ ਨਵੇ ਬੈਚ ਦੇ ਵਿਦਿਆਰਥੀਆਂ ਨੂੰ ਕਮਰ ਕੱਸੇ ਕਰਨ ਉਪਰੰਤ ਗਰੁੱਪ ਫੋਟੋ




## ਅਗਸਤ 2015 ਮਹੀਨੇ ਦੇ ਸਮਾਗਮ

### ਨਾਨਕਸ਼ਾਹੀ ਜੰਤਰੀ ਅਨੁਸਾਰ ਭਾਦੋ ਮਹੀਨੇ ਦੀ ਪਹਿਲੀ ਤਰੀਕ ਦਾ ਸਮਾਗਮ:-

ਮਿਤੀ 17-08-2015 ਦਿਨ ਸੋਮਵਾਰ ਨੂੰ ਸ਼ਾਮ 6.00 ਤੋਂ 9.00 ਤੱਕ ਸਮਾਗਮ ਗੁਰਮਤਿ ਪ੍ਰਸਾਰ ਭਵਨ ਵਿਖੇ ਅਯੋਜਿਤ ਕੀਤਾ ਜਾਵੇਗਾ। ਉਪ੍ਰੰਤ ਗੁਰੂ ਕੇ ਲੰਗਰ ਅਤੁੱਟ ਵਰਤਣਗੇ।

# ਗੁਰਮਤਿ ਪ੍ਰਸਾਰ ਮੈਡੀਕਲ ਸੇਵਾ ਸੈਂਟਰ

## ਐਸੋਸੀਏਟਸ: ਸੇਵਕਸ ਚੈਰੀਟੇਬਲ ਟ੍ਰੱਸਟ (ਰਜਿ.) ਚੰਡੀਗੜ੍ਹ

HELP NEEDY

ਸੋਸਾਇਟੀ ਵਲੋਂ ਚਲਾਏ ਜਾ ਰਹੇ ਮੈਡੀਕਲ ਸੇਵਾ ਸੈਂਟਰ ਵਿਚ ਦਿਤੀਆਂ ਜਾ ਰਹੀਆਂ ਸੇਵਾਵਾਂ ਦਾ ਸੰਗਤਾਂ ਭਰਵਾਂ ਲਾਭ ਉਠਾ ਰਹੀਆਂ ਹਨ। ਜੁਲਾਈ ਮਹੀਨੇ ਦੇ ਅੰਕੜੇ ਇਸ ਪ੍ਰਕਾਰ ਹਨ।

| Sr. No. | Name of Deptt. | No. of Patients | | |
|---|---|---|---|---|
| | | New | Old | Total |
| 1 | General Medical | 68 | 156 | 224 |
| 2 | Eye | 22 | 18 | 40 |
| 3 | Cardiology | 10 | 32 | 42 |
| 4 | Dental | 29 | 102 | 131 |
| 5 | Gynaecology | 22 | 53 | 75 |
| 6 | Homoeopathy | 43 | 149 | 192 |
| | **Total** | **194** | **510** | **704** |
| | Laboratory | 80 | - | 80 |

## ਧੰਨਵਾਦਿ :

## ਜੁਲਾਈ 2015 ਵਿਚ ਪ੍ਰਾਪਤ ਸਹਾਇਤਾ ਦਾ ਵੇਰਵਾ:-

1. S. D.P Singh #393/Phase 9/Mohali 12,000/-
2. Gurdwara Shri Guru Singh Sabha/ Sion Bombay 25,000/-
3. Col. H.S Uppal #306/Sec 33A/Chd 20,000/-
4. Bibi Surjit Kaur #1444/Sec 34C/Chd 16,000/-
5. S. Narinder Bir Singh #1444/Sec 34C 16,000/-
6. S. A.S. Oberoi,V.P. H.S.V. Energy Pvt. Ltd Super Gas House,IV Floor,SDE SERENE CHAMBER Banjara Hills–Hyderabad 1,00,000/-
7. S. Balwinder Singh Sagar #2506/Phase 7/Mohali 1500/-
8. M/S Sunder Sunmica & Plywoods/ Furniture Market, Sec. 34/Chd 15,000/-
9. S. Harbhajan Singh & Bibi Anoop Kaur #731/Phase 3B-I/Mohali 15,000/-
10. S. Jasbir Singh Bir Chairman/ Atam Science Trust/A-1Kalindi Colony 15,000/
11. All Indian Sikh Federation(Regd.) D-9 Green Park Extn. New Delhi 21,000/-
12. S. Tejinder Pal Singh/A-51/Ansal Sushant City/Sec. 19 15,000/-
13. Bibi Harsharan Kaur Sethi #1440/Sec.34C/Chd 500/-
14. S. Jagjit Singh/Mundi Kharar 200/-
15. S. Paramjit Singh/Mundi Kharar 101/-
16. S. Harjinder Singh/Mundi Kharar 100/-
17. Satkar Properties / Mundi Kharar 500/-
18. Harbhagat Singh/ Mundi Kharar 211/-
19. S. Mohinder Singh Sudan #1286/Sec.33-C/Chd 500/-
20. S. Amarjit Singh / Mundi Kharar 200/-
21. S. Gurpal Singh / Mundi Kharar 100/-
22. Jolly Studio/Sec. 22/Chd 100/-
23. Bibi Mehnoor Kaur #238/1/Sec.45A/Chd 5,100/-
24. S. Tejinder Singh / Mundi Kharar 100/-
25. S. Gurpreet Singh / Mundi Kharar 100/-
26. Diol Singh / Mundi Kharar 100/-
27. S. Iqbal Singh / Mundi Kharar 100/-
28. Bibi Gurdeep Kaur Sarna #3047/Sec 3B/Chd 500/
29. S. Satnam Singh #818/Ph3B-1/Mohali 15,000/-
30. S. Amarjit Singh Pahwa #987/Phase 4/Mohali 1,100/-
31. Dr. S.S. Kahlon# 132/Sector 51-A/Chd 500/-
32. Dr. Satwant Singh Aastha Enclave Kharar 500/-
33. S. Parminder Singh #1170/Sunny Enclave/Kharar 15,000/-
34. Dr. Saranjit Singh #2817/Ph 7/Mohali 2,000/-
35. Sewak Charitable Trust(Regd.) SCO 1104-05 Sec. 22B,Chd 75,00/-
36. Maj. Joginder Singh #1546 /Sec 33D/Chd 51,000/-
37. S.R.D. Properties/ Mundi Kharar 501/-

**ਬੇਨਤੀ**

ਆਪਣੇ ਦਸਵੰਧ ਵਿੱਚੋਂ ਵੱਧ ਤੋਂ ਵੱਧ ਮਾਇਆ ਸੋਸਾਇਟੀ ਦੇ ਕਾਰਜਾਂ ਲਈ ਭੇਜ ਕੇ ਗੁਰਮਤਿ ਪ੍ਰਸਾਰ ਵਿੱਚ ਯੋਗਦਾਨ ਪਾਓ ਤੇ ਗੁਰੂ ਦੀਆਂ ਅਸੀਸਾਂ ਪ੍ਰਾਪਤ ਕਰੋ ਜੀ। ਮਾਇਆ ਚੈੱਕ ਰਾਹੀਂ ਵੀ ਭੇਜੀ ਜਾ ਸਕਦੀ ਹੈ। ਸੋਸਾਇਟੀ ਦਾ SB A/c No.07111000004108, IFS Code: PSIB0000711 PAN No. AAATG4268N ਪੰਜਾਬ ਐਂਡ ਸਿੰਧ ਬੈਂਕ, ਸੈਕਟਰ 36, ਚੰਡੀਗੜ੍ਹ ਵਿਖੇ ਹੈ ਜੀ। ਸੋਸਾਇਟੀ ਨੂੰ ਭੇਜੀ ਗਈ ਮਾਇਆ ਤੇ Income Tax ਦੀ ਧਾਰਾ 80-G ਦੇ ਅੰਤਰਗਤ ਛੋਟ ਉਪਲਬਧ ਹੈ।